# ਅੰਮ੍ਰਿਤ ਕੀਰਤਨ





ੴ

ਆਨੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ : 10 ਰੁਪਏ ਮਈ 1998

## ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ) ਪੀ. ਐਚ. ਡੀ.

### ਕਾਰਜਕਾਰੀ ਸੰਪਾਦਕ
ਡਾ. ਤ੍ਰਿਲੋਚਨ ਸਿੰਘ ਤਰਸੀ

### ਸਹਿਯੋਗੀ
ਡਾ. ਕਰਨੈਲ ਸਿੰਘ ਸੋਮਲ
ਡਾ. ਹਰਨੇਕ ਸਿੰਘ ਕਲੇਰ
ਸ. ਜੋਤਿੰਦਰ ਸਿੰਘ ਸੋਹਲ
ਸ. ਹਰਭਜਨ ਸਿੰਘ ਚੋਪੜਾ
ਸ. ਉੱਤਮ ਸਿੰਘ
ਪ੍ਰੋ. ਸਤਵਿੰਦਰ ਸਿੰਘ
ਸ. ਕੇ. ਐਸ. ਚੁੱਘ

### ਚਿੱਤਰਕਾਰ
ਗੁਰਦੀਪ ਸਿੰਘ ਦੀਪ

### ਸਰਪ੍ਰਸਤ
ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051 ਸੈਕਟਰ 27 ਬੀ,
ਚੰਡੀਗੜ੍ਹ
ਫੋਨ- 650696


**ਚੰਦੇ ਦਾ ਵੇਰਵਾ:**

| | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |


**ਚਿੱਠੀ ਪੱਤਰ ਲਈ ਪਤਾ :**

ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ,
ਚੰਡੀਗੜ੍ਹ -160 015
ਫੋਨ : 772660
782452


| ਇਸ਼ਤਿਹਾਰਾਂ ਦਾ ਵੇਰਵਾ | ਦੇਸ | ਵਿਦੇਸ |
|---|---|---|
| ਪਿਛਲਾ ਕਵਰ | 5000 ਰੁ. | 10,000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. | 7500 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. | 5000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. | 2500 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. | 1500 ਰੁ. |

# ਅੰਮ੍ਰਿਤ ਕੀਰਤਨ


ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 5 ਸਾਲ ਦਸਵਾਂ ਮਈ 1998



ਮਿੱਤਰ ਅਸਾਡੜੇ ਸੇਈ 2
ਕਰਉ ਬੇਨੰਤੀਆ 3
ਡਾ ਜਾਗੀਰ ਸਿੰਘ
ਗੁਰੂ ਅਰਜਨ ਦੇਵ ਜੀ ਦੀ ਸੁਖਮਨੀ ਦਾ ਸੰਦੇਸ਼ 4
ਪ੍ਰੋ. ਪੂਰਨ ਸਿੰਘ
Universality of the Sikh Teachings 7
Dalip Singh
ਨਾਮ ਦਾਨ ਇਸ਼ਨਾਨ 10
ਪ੍ਰੋ. ਬਲਵਿੰਦਰ ਸਿੰਘ
ਮਹੰਤ ਗੱਜਾ ਸਿੰਘ ਜੀ 11
ਡਾ. ਮਿਸ ਮਨਵਿੰਦਰ ਕੌਰ
ਸੰਗੀਤ ਦਾ ਪ੍ਰਭਾਵ 12
ਡਾ. ਮਿਸ ਮਨਵਿੰਦਰ ਕੌਰ
ਕਲਾਕਾਰ ਸੱਚ ਦੀ ਮੂਰਤ ਹੋਏ 13
ਬਬਲੀ ਐਸ. ਸਿੰਘ
ਭਗਤ ਪੂਰਨ ਸਿੰਘ ਦਾ ਅਪੂਰਨ ਸੁਫ਼ਨਾ 14
ਡਾ. ਸੁਰਜੀਤ ਸਿੰਘ ਕੁੰਜਾਹੀ
ਰਾਗੀ ਭਾਈ ਦਵਿੰਦਰ ਸਿੰਘ ਦਰਦੀ ਅਤੇ ਭਾਈ ਚਰਨਜੀਤ ਸਿੰਘ 16
ਪ੍ਰੋ. ਐਮ. ਐਸ. ਸਚਦੇਵਾ
ਕਵਿਤਾਵਾਂ 17
ਡਾ. ਬਲਬੀਰ ਸਿੰਘ ਦਿਲ ਅਤੇ
ਸ. ਸੰਤਾ ਸਿੰਘ ਆਜਿਜ਼
ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ 18
ਸੁਰ ਲਿਪੀ : ਰਾਗ ਜੈਤਸਰੀ 19
ਮਾਸਟਰ ਨਿਹਾਲ ਸਿੰਘ
ਸੁਰ ਲਿਪੀ : ਰਾਗ ਧਨਾਸਰੀ 20
ਮਾਸਟਰ ਨਿਹਾਲ ਸਿੰਘ
Matrimonial 21
Youth Career Counselling 22
S. Mohinder Singh
ਜੰਤਰੀ 24



* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

* 'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



ਡਾ. ਜਾਗੀਰ ਸਿੰਘ ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਿਰਜ਼ ਅਤੇ ਸਟੇਸ਼ਨਰਜ਼ ਐਸ. ਸੀ. ਐਫ. 107, ਫੇਜ਼-7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

# ਮਿੱਤਰ ਅਸਾਡੜੇ ਸੇਈ

'ਅੰਮ੍ਰਿਤ ਕੀਰਤਨ' ਮਾਰਚ 1998 ਅੰਕ ਬੇਹੱਦ ਪਸੰਦ ਆਇਆ। ਕਰਉ ਬੇਨੰਤੀਆ, ਦਰਬਾਰ ਸਾਹਿਬ ਦੀ ਕੀਰਤਨ ਪਰੰਪਰਾ, ਮੇਰੀ ਅਮਰੀਕਾ ਯਾਤਰਾ ਵਿਸ਼ੇਸ਼ ਤੌਰ ਤੇ ਤਾਰੀਫ਼ ਦੇ ਕਾਬਿਲ ਸਨ। ਪ੍ਰੋ. ਤਾਰਾ ਸਿੰਘ ਵੱਲੋਂ ਤਿਆਰ ਦੋਨੋਂ ਬੰਦਸ਼ਾਂ ਅਤੇ ਅਕਾਸ਼ਵਾਣੀ ਤੋਂ ਗੁਰਬਾਣੀ ਸ਼ਬਦ ਕੀਰਤਨ ਪ੍ਰਸਾਰਣ ਹੋਣ ਦੇ ਸਮੇਂ ਤੇ ਪ੍ਰੋ. ਪਰਮਜੋਤ ਸਿੰਘ ਦੀ ਕੈਸੇਟ ਬਾਰੇ ਜਾਣਕਾਰੀ ਪਸੰਦ ਆਈ। ਅਪ੍ਰੈਲ ਦੇ 'ਅੰਮ੍ਰਿਤ ਕੀਰਤਨ' ਵਿਚ ਪ੍ਰੋ. ਬਲਵਿੰਦਰ ਸਿੰਘ ਜੀ ਦਾ ਲੇਖ 'ਸਾਧ ਸੰਗਤ' ਪ੍ਰੋ. ਪਿਆਰਾ ਸਿੰਘ ਪਦਮ ਜੀ ਦਾ 'ਕਲਾਕਾਰ ਤੇ ਬਲੀਦਾਨ' ਅਤੇ ਸੰਗੀਤ ਸਮਗਰੀ ਬਹੁਤ ਪਸੰਦ ਆਈ।

ਮਲੋਟ — ਐਸ. ਐਸ. ਸਚਦੇਵਾ

ਅੰਮ੍ਰਿਤ ਕੀਰਤਨ ਦਿਨੋ ਦਿਨ ਹਰਮਨ ਪਿਆਰਾ ਹੋ ਰਿਹਾ ਹੈ। ਆਪ ਨੇ ਪ੍ਰੋ. ਅਮਰਜੀਤ ਸਿੰਘ ਬੁੱਟਰ ਬਾਰੇ ਟਿਪਣੀ ਦੇ ਕੇ ਅਮਰੀਕਾ ਦੇ ਸਿਖਾਂ ਦਾ ਮਾਣ ਵਧਾਇਆ ਹੈ। ਬੁੱਟਰ ਸਾਹਿਬ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਉਹਨਾਂ ਪੰਜਾਬ ਯੂਨੀਵਰਸਟੀ ਚੰਡੀਗੜ੍ਹ ਤੋਂ ਬੀ. ਏ. ਐਮ. ਏ. ਅਤੇ ਐਲ. ਐਲ. ਬੀ. ਕੀਤੀ। ਉਹਨ੍ਹਾਂ ਦੇ ਬੇਟੇ ਪ੍ਰੋ. ਗੁਰਸਿਮਰਤ ਸਿੰਘ ਨੇ ਪੰਜਾਬੀ ਯੂਨੀਵਰਸਟੀ ਤੋਂ ਜਰਨਲਿਜਮ ਬਾਰੇ ਵਿੱਦਿਆ ਹਾਸਲ ਕੀਤੀ ਹੈ ਇਸ ਵੇਲੇਂ ਉਹ ਇੱਕ ਅਖਬਾਰ ਵਿੱਚ ਨੌਕਰੀ ਕਰ ਰਿਹਾ ਹੈ। ਉਹ ਸ਼ਾਇਦ ਉੱਤਰੀ ਅਮਰੀਕਾ ਵਿੱਚ ਪਹਿਲਾ ਸਾਬਤ-ਸੂਰਤ ਸਿੰਘ ਹੈ ਜੋ ਅਜਿਹੀ ਪਦਵੀ ਤੇ ਕੰਮ ਕਰ ਰਿਹਾ ਹੈ। ਵਾਹਿਗੁਰੂ ਬਖਸ਼ਸ਼ ਕਰਨ।

ਅਮਰੀਕਾ — ਇੱਕ ਪਾਠਕ

ਆਪ ਜੀ ਨੇ 'ਅਮ੍ਰਿਤ ਕੀਰਤਨ' ਆਰੰਭ ਕਰਕੇ ਇੱਕ ਸ਼ਲਾਘਾ ਯੋਗ ਕੰਮ ਕੀਤਾ ਹੈ। ਸੰਗੀਤ ਖੇਤਰ ਵਿੱਚ ਅਜਿਹੇ ਹੀ ਕਾਰਜ ਕਦੇ ਪੰਡਤ ਵਿਸ਼ਣੂ ਦਿਗੰਬਰ ਪਲੂਸਕਰ ਜੀ ਨੇ ਕੀਤਾ ਸੀ। ਉਹਨਾਂ ਨੇ 'ਸੰਗੀਤ ਕਲਾ ਵਿਹਾਰ' ਨਾਂ ਦੀ ਪਤਰਕਾ ਅਰੰਭ ਕੀਤੀ ਸੀ। ਇਹ ਪੱਤਰਕਾ ਆਰਥਕ ਤੰਗੀਆਂ ਦੇ ਬਾਵਜੂਦ 5 ਮਈ 1901 ਤੋਂ ਲੈ ਕੇ ਹੁਣ ਤਕ ਚਲ ਰਹੀ ਹੈ। ਪੰਜਾਬੀ ਵਿੱਚ ਆਪ ਦਾ ਇਹ ਉੱਦਮ ਵੀ ਇਸੇ ਮਹੱਤਤਾ ਵਾਲਾ ਜਾਪਦਾ ਹੈ।

ਲੁਧਿਆਣਾ — ਡਾ. ਮਿਸ ਮਨਵਿੰਦਰ ਕੌਰ

'ਅੰਮ੍ਰਿਤ ਕੀਰਤਨ' ਮੇਰੇ ਸੰਗੀਤ ਲਈ ਤਾਂ ਸਚਮੁਚ ਅੰਮ੍ਰਿਤ ਹੈ। ਆਪ ਨੇ ਮੇਰੀਆਂ ਸੁਰ ਲਿਪੀਆਂ ਛਾਪ ਕੇ ਮੈਨੂੰ ਉਤਸ਼ਾਹ ਦਿੱਤਾ ਹੈ। ਮੈ ਹੋਰ ਸੁਰ ਲਿਪੀਆਂ ਭੇਜਣ ਦਾ ਜਤਨ ਕਰਾਂਗਾ।

ਚਿਤਕੋਹਰਾ — ਰਣਧੀਰ ਸਿੰਘ ਖਾਲਸਾ

'ਅੰਮ੍ਰਿਤ ਕੀਰਤਨ' ਅਪ੍ਰੈਲ 1998 ਮਿਲਿਆ। 'ਕਰਉ ਬੇਨੰਤੀਆਂ, ਡਾ. ਕੁਲਦੀਪ ਸਿੰਘ ਜ਼ਖਮੀ ਦੇ ਵਿਚਾਰ, 'ਸੁਆਲ ਜੋ ਜੁਵਾਬ ਮੰਗਦੇ ਹਨ' ਪ੍ਰੋ. ਬਲਵਿੰਦਰ ਸਿੰਘ ਲਿਖਿਤ 'ਸਾਧ ਸੰਗਤ' ਪ੍ਰੋ. ਪਿਆਰਾ ਸਿੰਘ ਦਾ ਲੇਖ ਕਲਾਕਾਰ ਤੇ ਬਲੀਦਾਨ, ਆਵਤ ਸਿੰਘ ਲਿਖਿਤ 'ਬਸੰਤ ਕੀ ਵਾਰ ਤੇ ਇੱਕ ਘਟਨਾ ਬਹੁਤ ਪਸੰਦ ਆਏ। ਇਸ ਤੋਂ ਇਲਾਵਾ ਉਸਤਾਦ ਸੁਰਜੀਤ ਸਿੰਘ ਵੱਲੋਂ 'ਰਾਗ ਗਉੜੀ, ਮਾਲਵਾ ਦੀ ਬੰਦਸ਼ ਅਤੇ ਡਾ. ਮਨਵਿੰਦਰ ਕੌਰ ਵੱਲੋਂ ਰਾਗ ਸਾਰੰਗ ਵਿੱਚ ਤਿੰਨ ਤਾਲ ਦੀ ਬੰਦਸ਼ ਬਹੁਤ ਸੁੰਦਰ ਸਨ। 'ਅੰਮ੍ਰਿਤ ਕੀਰਤਨ' ਦਾ ਇੱਕ ਵਿਸ਼ੇਸ਼ ਅੰਕ ਰਾਗੀ ਢਾਡੀਆਂ ਦੀ ਡਾਇਰੈਕਟਰੀ ਵਜੋਂ ਹੀ ਛਾਪ ਦਿਓ।

ਮਲੋਟ — ਪ੍ਰੋ. ਐਮ. ਐਸ. ਮਸਤਾਨਾ

ਗੁਰੂ ਬਾਬੇ ਦੀ ਮਿਹਰ ਅਤੇ ਤੁਹਾਡੀ ਮਿਹਨਤ ਸਦਕਾ ਪਰਚਾ ਦਿਨੋ ਦਿਨ ਨਿਖਰ ਰਿਹਾ ਹੈ। ਆਪ ਦੇ ਸਹਿਯੋਗੀਆਂ ਨੂੰ ਵੀ ਮੁਬਾਰਕ!

ਲੁਧਿਆਣਾ — ਸੰਤਾ ਸਿੰਘ ਆਜਿਜ਼

ਆਪ ਸਭ ਨੂੰ ਵਿਸਾਖੀ ਤੇ ਖਾਲਸਾ ਜੀ ਦੇ ਜਨਮ ਦਿਨ ਦੀ ਵਧਾਈ ਹੋਵੇ। ਵਾਹਿਗੁਰੂ ਸਾਨੂੰ ਸਿੱਖੀ ਦਾਨ, ਰਹਿਤਦਾਨ ਤੇ ਦਾਨਾਂ ਸਿਰ ਦਾਨ- 'ਨਾਮ ਦਾਨ' ਦੀ ਦਾਤ ਬਖਸ਼ੇ। ਵਾਹਿਗੁਰੂ ਆਪ ਨੂੰ 'ਅੰਮ੍ਰਿਤ ਕੀਰਤਨ' ਰਾਹੀਂ ਅਤੇ ਕੀਰਤਨ ਦੀ ਬਖਸ਼ੀ ਦਾਤ ਰਾਹੀਂ ਧਰਮ ਪ੍ਰਚਾਰ ਲਈ ਹੋਰ ਵਧ ਸਮਰਥਾ ਤੇ ਅਵਸਰ ਬਖਸੇ।

ਭੋਪਾਲ — ਡਾ. ਸਨਤੋਖ ਸਿੰਘ

'ਅੰਮ੍ਰਿਤ ਕੀਰਤਨ' ਬਾਰੇ ਸਾਡੀ ਇੱਛਾ ਹੈ ਕਿ ਇਹ ਘਰ ਘਰ ਦਾ ਸ਼ਿੰਗਾਰ ਬਣੇ। ਮੈਂ ਆਪਣੇ ਸਕੂਲ ਲਈ ਇਸ ਦਾ ਚੰਦਾ ਭੇਜ ਰਿਹਾ ਹਾਂ ਆਪ ਨੇ ਮੇਰੇ ਵਲੋਂ ਇੱਕ ਸਾਲ ਲਈ ਪ੍ਰੇਮ ਭੇਟਾ ਦੇ ਤੌਰ ਤੇ 'ਅੰਮ੍ਰਿਤ ਕੀਰਤਨ' ਇਸ ਸਕੂਲ ਵਿਚ ਭੇਜਣ ਦੀ ਕਿਰਪਾ ਕਰਨਾਂ।

ਸਾਘਣ (ਕੈਥਲ) — ਨਾਇਬ ਸੂਬੇਦਾਰ ਦਲਜੀਤ ਸਿੰਘ

'ਅੰਮ੍ਰਿਤ ਕੀਰਤਨ' ਲਗਾਤਾਰ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਤੋਂ ਵਿਦਿਆਰਥੀ ਅਤੇ ਅਧਿਆਪਕ ਭਰਪੂਰ ਲਾਭ ਲੈ ਰਹੇ ਹਨ।

ਅਨੰਦਪੁਰ ਸਾਹਿਬ — ਪ੍ਰਿੰਸੀਪਲ, ਸ੍ਰੀ ਗੁਰੂ ਗੋਬਿੰਦ ਸਿੰਘ ਸੀਨੀਅਰ ਸਕੈਂਡਰੀ ਸਕੂਲ

'ਅੰਮ੍ਰਿਤ ਕੀਰਤਨ' ਸੰਗੀਤ ਦੇ ਸਿਖਿਆਰਥੀਆਂ ਲਈ ਚਾਨਣ ਮੁਨਾਰਾ ਹੈ। ਇਸ ਵਿਚ ਦਿਤੇ ਸੰਗੀਤ ਲਿਪੀ ਚਿੰਨ੍ਹਾਂ ਦੀ ਸਹਾਇਤਾ ਨਾਲ ਅਸਾਨੀ ਨਾਲ ਸੁਰਲਿਪੀਆਂ ਤੋਂ ਸੰਗੀਤ ਸਿਖਿਆ ਜਾ ਸਕਦਾ ਹੈ। ਪ੍ਰੂਫ ਰੀਡਿੰਗ ਵੱਲ ਵਿਸ਼ੇਸ਼ ਧਿਆਨ ਦੇਣ ਦੀ ਕਿਰਪਾ ਕਰਨਾ ਜੀ।

ਕੋਟ ਕਪੂਰਾ — ਸੁਭਾਸ਼ ਪਰਿਹਾਰ

ਪਿਛਲੇ ਕੁਝ ਅੰਕਾ ਤੋਂ 'ਅੰਮ੍ਰਿਤ ਕੀਰਤਨ' ਸਿੱਖ ਧਰਮ, ਗੁਰਬਾਣੀ ਅਤੇ ਸੰਗੀਤ ਤੋਂ ਇਲਾਵਾ ਸਾਹਿਤਕ ਰਚਨਾਵਾਂ ਨੂੰ ਵੀ ਆਪਣੇ ਕਲੇਵਰ ਵਿਚ ਸ਼ਾਮਲ ਕਰ ਰਿਹਾ ਹੈ। ਇਹ ਪ੍ਰਸ਼ੰਸਾਮਈ ਕਦਮ ਹੈ। ਪਿਛਲੇ ਅੰਕਾਂ ਵਿਚ ਡਾ. ਹਰਿਭਜਨ ਸਿੰਘ, ਪ੍ਰੋ. ਪਿਆਰਾ ਸਿੰਘ ਪਦਮ ਅਤੇ ਮਨਮੋਹਨ ਸਿੰਘ ਦਾਓ ਦੀਆਂ ਰਚਨਾਵਾਂ ਉਲੇਖਯੋਗ ਹਨ।

ਚੰਡੀਗੜ੍ਹ — ਡਾ. ਬਲਬੀਰ ਸਿੰਘ ਦਿਲ

# ਕਲਾ ਅਤੇ ਕਲਾਕਾਰ

ਮੇਰੇ ਇੱਕ ਬੜੇ ਪਿਆਰੇ ਮਿੱਤਰ ਹਨ। ਸ੍ਰ. ਲਖਿੰਦਰ ਸਿੰਘ ਬਹਿਲ। ਇਹ ਸਾਰਾ ਪਰਿਵਾਰ ਮੇਰੇ ਉੱਤੇ ਬੜਾ ਮਿਹਰਬਾਨ ਹੈ। ਇਹਨਾਂ ਨੇ ਮੈਨੂੰ ਸ੍ਰੀ ਹਰਮੰਦਰ ਸਾਹਿਬ ਦੀ ਇਕ ਤਸਵੀਰ ਭੇਟ ਕੀਤੀ। ਮੈਂ ਉਹ ਆਪਣੇ ਡਰਾਇੰਗ ਰੂਮ ਵਿਚ ਟੰਗੀ ਤਾਂ ਜਿਵੇਂ ਸਾਡੇ ਡਰਾਇੰਗ ਰੂਮ ਦੀ ਸ਼ਖਸੀਅਤ ਵਿੱਚ ਹੀ ਇੱਕ ਸੁਖਾਵੀਂ ਤਬਦੀਲੀ ਆ ਗਈ। ਜਿਹੜਾ ਵੀ ਆਵੇ, ਇਸ ਤਸਵੀਰ ਦੀ ਸਿਫਤ ਕਰੇ। ਬਹਿਲ ਸਾਹਿਬ ਦੀ ਕਿਰਪਾ ਸਦਕਾ ਦੇਸ ਵਿਦੇਸ ਵਿਚ ਰਹਿੰਦੇ ਆਪਣੇ ਕੁਝ ਸਨੇਹੀਆਂ ਤਕ ਵੀ ਇਹ ਤਸਵੀਰ ਭੇਜ ਦਿੱਤੀ।

ਇਸ ਤਸਵੀਰ ਬਾਰੇ ਸੋਚਦਾ ਹਾਂ ਕਿ ਇਸ ਵਿੱਚ ਕੀ ਖ਼ਾਸੀਅਤ ਹੈ। ਇਸ ਦੀ ਪੇਂਟਿੰਗ ਤਾਂ ਬੜੀ ਖ਼ੂਬਸੂਰਤ ਹੈ ਹੀ ਪਰ ਇਸ ਦੇ ਫਰੇਮ ਦੀ ਵੀ ਖਾਸ ਮਹਤਤਾ ਹੈ। ਥੋਹੜਾ ਹੋਰ ਧਿਆਨ ਨਾਲ ਵੇਖਣ ਤੇ ਪਤਾ ਲਗਦਾ ਹੈ ਕਿ ਇਸ ਦਾ ਫਰੇਮ ਖਾਸ ਤਰੀਕੇ ਨਾਲ ਬਣਿਆ ਹੋਇਆ ਹੈ। ਵਿਸ਼ੇਸ਼ ਪਰਕਾਰ ਦਾ ਸੁਨਹਿਰੀ ਹਾਸ਼ੀਆ ਤੇ ਤਸਵੀਰ ਕੁਝ ਗਹਿਰਾਈ ਵਿੱਚ ਜੜੀ ਹੋਈ। ਜਦੋਂ ਦੇਖਦੇ ਹਾਂ ਤਾਂ ਸਾਡਾ ਧਿਆਨ ਫਰੇਮ ਵੱਲ ਨਹੀਂ ਜਾਂਦਾ ਸਗੋਂ ਤਸਵੀਰ ਵੱਲ ਜਾਂਦਾ ਹੈ। ਫਰੇਮ ਬਣਾਇਆ ਹੀ ਇਸ ਤਰੀਕੇ ਨਾਲ ਹੈ ਕਿ ਇਹ ਤੁਹਾਡੀ ਦ੍ਰਿਸ਼ਟੀ ਨੂੰ ਆਪਣੇ ਵੱਲ ਨਹੀਂ ਖਿਚਦਾ ਸਗੋਂ ਸਿੱਧਾ ਤਸਵੀਰ ਦਾ ਨਜ਼ਾਰਾ ਕਰਵਾ ਦਿੰਦਾ ਹੈ। ਆਪਣੇ ਆਪ ਨੂੰ ਨਿਗੂਣਾ ਬਣਾਕੇ ਹਰਿਮੰਦਰ ਦੇ ਪ੍ਰਭਾਵ ਨੂੰ ਵਧਾਉਣਾ ਹੀ ਇਸ ਫਰੇਮ ਦਾ ਮੰਤਵ ਹੈ। ਫਰੇਮ ਬਣਾਉਣ ਵਾਲਾ ਵੀ ਕੋਈ ਸਧਾਰਨ ਕਲਾਕਾਰ ਨਹੀਂ ਸਗੋਂ ਜਾਪਦਾ ਹੈ ਕਿ ਉਸ ਦੀ ਸ਼ਖਸੀਅਤ ਵਿਚ ਵੀ 'ਤਾਣ ਹੋਦੇ ਹੋਇ ਨਿਤਾਣਾ' ਜਾਂ 'ਮਾਣ ਹੋਦੇ ਹੋਇ ਨਿਮਾਣਾ' ਵਾਲਾ ਗੁਣ ਘਰ ਕਰ ਗਿਆ ਹੈ।

ਬੜੀ ਦੇਰ ਪਹਿਲਾਂ ਕਿਤੇ ਪੜ੍ਹੀ ਸੁਣੀ ਕਹਾਣੀ ਯਾਦ ਆਉਂਦੀ ਹੈ: ਇਕ ਬਾਦਸ਼ਾਹ ਦੇ ਦਰਬਾਰ ਵਿਚ ਦੋ ਮਹਾਨ ਕਲਾਕਾਰ ਆਏ। ਬਾਦਸ਼ਾਹ ਦੋਹਾਂ ਵਿਚੋਂ ਇਕ ਨੂੰ ਆਪਣਾ ਰਾਜ ਕਲਾਕਾਰ ਸਥਾਪਤ ਕਰਨਾ ਚਾਹੁੰਦਾ ਸੀ। ਦੋਹਾਂ ਨੂੰ ਇਕ ਹਾਲ ਦੇ ਦਿੱਤਾ ਕਿ ਇਸ ਦੀ ਇਕ ਕੰਧ ਉੱਪਰ ਇਕ ਚਿਤਰਕਾਰ ਚਿੱਤਰ ਬਣਾਏ ਤੇ ਦੂਜੀ ਉੱਤੇ ਦੂਜਾ ਚਿਤਰਕਾਰ ਚਿੱਤਰ ਬਣਾਏ। ਦੋ ਮਹੀਨੇ ਬਾਦ ਦੋਹਾਂ ਦੇ ਚਿੱਤਰ ਵੇਖ ਕੇ ਅਵੱਲ ਅਤੇ ਦੋਇਮ ਦਾ ਫੈਸਲਾ ਹੋਏਗਾ। ਵਿਚਕਾਰ ਇਕ ਕੱਚੀ ਦੀਵਾਰ ਬਣਾ ਦਿੱਤੀ। ਦੋਵੇਂ ਕਲਾਕਾਰ ਦੋ ਮਹੀਨੇ ਅੰਦਰ ਮਸਰੂਫ ਰਹੇ। ਦੋ ਮਹੀਨੇ ਬਾਦ ਕੱਚੀ ਦੀਵਾਰ ਢਾਹੀ ਗਈ। ਵੱਡੇ ਵੱਡੇ ਕਲਾ ਪਾਰਖੀ ਚਿੱਤਰ ਵੇਖਣ ਲਈ ਹਾਜ਼ਰ ਹੋਏ। ਸਾਰੇ ਹੈਰਾਨ ਹੋ ਗਏ ਕਿ ਦੋਹਾਂ ਦੀਵਾਰਾਂ ਤੇ ਇਕੋ ਹੀ ਚਿੱਤਰ ਚਿਤਰਿਆ ਹੋਇਆ ਸੀ। ਸਾਰੇ ਅਚੰਭਿਤ ਹੋ ਗਏ। ਧਿਆਨ ਨਾਲ ਵੇਖਿਆਂ ਇਕ ਚਿੱਤਰ ਕੁਝ ਵਧੇਰੇ ਗਹਿਰਾ, ਪ੍ਰਭਾਵਸ਼ਾਲੀ ਤੇ ਸੁੰਦਰ ਲਗ ਰਿਹਾ ਸੀ। ਅਸਲ ਵਿਚ ਇਕ ਕਲਾਕਾਰ ਨੇ ਆਪਣੀ ਕਲਪਨਾ ਨੂੰ ਬੜੇ ਸੁੰਦਰ ਢੰਗ ਨਾਲ ਦੀਵਾਰ ਉੱਤੇ ਚਿੱਤਰ ਦੇ ਰੂਪ ਵਿਚ ਸਾਕਾਰ ਕੀਤਾ ਸੀ ਤੇ ਦੂਜੇ ਕਲਾਕਾਰ ਨੇ ਦੀਵਾਰ ਨੂੰ ਇਕ ਬੜੇ ਵੱਡੇ ਤੇ ਸਾਫ ਸ਼ੀਸ਼ੇ ਦਾ ਰੂਪ ਦੇ ਦਿੱਤਾ ਸੀ ਜਿਸ ਵਿਚੋਂ ਪਹਿਲੇ ਕਲਾਕਾਰ ਦਾ ਬਣਇਆ ਚਿੱਤਰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਤਿਬਿੰਬਿਤ ਹੋ ਰਿਹਾ ਸੀ।

ਇਹ ਫੈਸਲਾ ਕਰਨਾ ਫਿਰ ਮੁਸ਼ਕਿਲ ਹੋ ਗਿਆ ਕਿ ਵੱਡਾ ਕਲਾਕਾਰ ਕਿਹੜਾ ਹੈ। ਬਹੁਤੇ ਲੋਕ ਉਸ ਕਲਾਕਾਰ ਦੀ ਤਾਰੀਫ ਕਰ ਰਹੇ ਸਨ ਜਿਸ ਨੇ ਦੀਵਾਰ ਨੂੰ ਸ਼ੀਸ਼ੇ ਦਾ ਰੂਪ ਦਿੱਤਾ ਸੀ। ਚਿਤਰ ਬਣਾਉਣ ਵਾਲਾ ਕਲਾਕਾਰ ਵੀ ਸ਼ੀਸ਼ਾ ਬਣਾਉਣ ਵਾਲੇ ਕਲਾਕਾਰ ਦਾ ਧੰਨਵਾਦ ਕਰ ਰਿਹਾ ਸੀ ਜਿਸ ਨੇ ਉਸ ਦੇ ਚਿਤਰ ਦਾ ਪ੍ਰਭਾਵ ਵਧਾ ਦਿੱਤਾ ਸੀ।

ਡਾ. ਜਸਵੰਤ ਸਿੰਘ ਨੇਕੀ ਇੱਕ ਥਾਂ ਲਿਖਦੇ ਹਨ ਕਿ ਸਭ ਤੋਂ ਚੰਗਾ ਹੁਨਰ ਉਹ ਹੋਂਦਾ ਹੈ ਜਿਸ ਵਿੱਚ ਹੁਨਰਮੰਦੀ ਬਿਲਕੁਲ ਨਾ ਦਿੱਸੇ। ਇਕ ਲਾਤੀਨੀ ਕਹਾਵਤ ਹੈ, 'ਹੁਨਰ ਦੇ ਛੁਪਾਣ ਦਾ ਨਾਂ ਹੁਨਰ ਹੈ'। ਚਿਤ੍ਰਕਾਰ ਦਾ ਹੁਨਰ ਓਦੋਂ ਹੀ ਕਮਾਲ ਤੇ ਪਹੁੰਚਿਆ ਮੰਨਿਆ ਜਾਂਦਾ ਹੈ ਜਦੋਂ ਦਰਸ਼ਕ ਲਈ ਚਿਤਰ ਦਾ ਕਾਗਜ਼ ਤੇ ਰੰਗਦਾਰੀ ਉਹਲੇ ਹੋ ਜਾਵੇ ਤੇ ਨਿਰੀ ਮੂਰਤ ਹੀ ਦਿਸੇ।

ਕੀਰਤਨੀਆਂ ਵੀ ਕੁਝ ਏਸੇ ਤਰ੍ਹਾਂ ਦਾ ਹੀ ਕਲਾਕਾਰ ਹੋਣਾ ਚਾਹੀਦਾ ਹੈ। ਉਸ ਨੂੰ ਆਪਣਾ ਸੁਰ ਤਾਲ ਇਸ ਤਰ੍ਹਾਂ ਸ਼ੁਧ ਤੇ ਨਿਰਮਲ ਕਰ ਲੈਣਾ ਚਾਹੀਦਾ ਹੈ ਜਿਵੇਂ ਸ਼ੀਸ਼ਾ ਹੋਵੇ ਤੇ ਉਸ ਵਿਚੋਂ ਗੁਰਬਾਣੀ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਤਿਬਿੰਬਤ ਹੋ ਕੇ ਪ੍ਰਗਟ ਹੋਵੇ। ਸਰੋਤੇ ਬਾਣੀ ਤੋਂ ਪ੍ਰਭਾਵਿਤ ਹੋਣ ਨਾ ਕਿ ਕੀਰਤਨੀਏ ਤੋਂ। ਜਦੋਂ ਅਵਸਥਾ ਐਸੀ ਹੋਵੇ ਤਾਂ ਉਹ ਕੀਰਤਨੀਆਂ ਮਹਾਨ ਕਲਾਕਾਰ ਹੋ ਨਿਬੜਦਾ ਹੈ।

ਜਿਵੇਂ ਭਾਈ ਮਰਦਾਨਾ ਜੀ। ਉਹ ਕਿੰਨੇ ਰਾਗਾਂ ਵਿੱਚ ਬਾਣੀ ਗਾਉਂਦੇ ਰਹੇ ਪਰ ਆਪਣਾ ਆਪ ਨਹੀਂ ਉਭਾਰਿਆ। ਜੇ ਉਹਨਾਂ ਬਾਰੇ ਕੁਝ ਸਾਖੀਆਂ ਮਿਲਦੀਆਂ ਵੀ ਹਨ ਤਾਂ ਉਹ ਵੀ ਉਸ ਦੇ 'ਬਾਬੇ' ਨਾਨਕ ਦੀ ਸ਼ਖਸੀਅਤ ਨੂੰ ਹੀ ਉਭਾਰਦੀਆਂ ਹਨ।

ਧੰਨ ਹੈ ਇਹ ਕਲਾ ਅਤੇ ਧੰਨ ਹੈ ਕਲਾਕਾਰ।

# ਗੁਰੂ ਅਰਜਨ ਦੇਵ ਜੀ ਦੀ 'ਸੁਖਮਨੀ' ਦਾ ਸੰਦੇਸ਼*

ਪ੍ਰੋ. ਪੂਰਨ ਸਿੰਘ

ਗੁਰੂ ਅਰਜਨ ਦੇਵ ਜੀ ਨੇ ਸ਼ਾਂਤੀਦਾਇਕ ਬਾਣੀ ਬਖ਼ਸ਼ੀ ਹੈ। ਇਹ ਸ਼ਾਂਤੀ ਦੇ ਇਕ ਦਰਿਆ ਵਰਗੀ ਹੈ, ਜਿਸ ਵਿਚ ਅਸੀਂ ਆਪਣੀ ਰੂਹ ਨੂੰ ਨੁਹਾ ਸਕਦੇ ਹਾਂ। ਇਸ਼ਨਾਨ ਇਕ ਮਿਕਾਨਕੀ ਕਾਰਜ ਹੈ, ਕਈ ਵਾਰੀ ਅਸੀਂ ਨਹੀਂ ਵੀ ਨਹਾਉਣਾ ਚਾਹੁੰਦੇ। ਪਰ ਅਸੀਂ ਜਦੋਂ ਵੀ ਨਹਾਉਂਦੇ ਹਾਂ, ਤਰੋਤਾਜ਼ਾ ਹੋ ਜਾਂਦੇ ਹਾਂ। ਨਵੇਂ ਨਰੋਏ ਹੋ ਜਾਂਦੇ ਹਾਂ। ਆਪਣੇ ਆਪ ਨੂੰ ਪਿਆਰ ਕਰਨ ਲਗ ਪੈਂਦੇ ਹਾਂ। ਸਰੀਰ ਦੇ ਬੰਦ ਰੋਮ ਸਾਫ਼ ਹੋ ਜਾਂਦੇ ਹਨ। ਮਨ ਵੀ ਇਸ ਮਿਕਾਨਕੀ ਅਮਲ ਨਾਲ ਸ਼ੁੱਧ ਹੋ ਜਾਂਦਾ ਹੈ। ਮਹਿਸੂਸ ਕਰਦਾ ਹਾਂ ਕਿ ਜਦੋਂ ਅਸੀਂ ਸੁਖਮਨੀ ਪੜ੍ਹਦੇ ਹਾਂ, ਅਚੇਤ ਹੀ ਸਾਡੇ ਮਨਾਂ ਤੇ ਕੋਈ ਅਜੀਬ ਜਿਹਾ ਪ੍ਰਭਾਵ ਪੈਂਦਾ ਹੈ ਅਤੇ ਸਰੀਰ ਤੇ ਉਸ ਦਾ ਪ੍ਰਤਿਬਿੰਬ ਦਿਸਦਾ ਹੈ। ਮਨ ਕਿਸੇ ਅਨੰਦਮਈ ਹੁਲਾਸ ਵਿਚ ਉੱਚਾ ਉਠਦਾ ਹੈ, ਸਰੀਰ ਹਲਕਾ ਫੁਲ ਹੋ ਜਾਂਦਾ ਹੈ ਅਤੇ ਉੱਚੀ ਉਡਾਰੀ ਮਾਰਨ ਲਗ ਪੈਂਦਾ ਹੈ। ਅਸੀਂ ਬਦੇਹੀ ਹੋ ਜਾਂਦੇ ਹਾਂ। ਸਾਨੂੰ ਹਰ ਰੋਜ਼ ਸ਼ਾਂਤੀ ਦੇ ਇਸ ਦਰਿਆ ਵਿਚ ਛਾਲ ਮਾਰਨੀ ਚਾਹੀਦੀ ਹੈ। ਅਤੇ ਤਾਜ਼ਗੀ ਲੈਣੀ ਚਾਹੀਦੀ ਹੈ ਅਤੇ ਜਦੋਂ ਮਨ ਆਕਾਸ਼ ਉਡਾਰੀ ਵਿਚ ਹੋਵੇ ਸਾਨੂੰ ਹਰ ਲਾਈਨ ਅਤੇ ਸ਼ਬਦ ਨੂੰ ਘੜਣ ਵਾਲੇ ਸ਼ਹਿਨਸ਼ਾਹ ਦੇ ਪਵਿੱਤਰ ਹੱਥਾਂ ਨੂੰ ਚੁੰਮਣਾ ਚਾਹੀਦਾ ਹੈ। ਕੋਈ ਸ਼ਬਦ ਜੀਵਨ ਚਿਰਗ ਨਹੀਂ ਹੋ ਸਕਦਾ, ਜਿੰਨਾਂ ਚਿਰ ਕਿਸੇ ਦੇ ਆਪੇ ਨਾਲ ਸੰਬੰਧ ਨਾ ਰੱਖਦਾ ਹੋਵੇ। ਫ਼ਰਾਂਸੀਸੀਆਂ ਦਾ ਕੌਮੀ ਗੀਤ ਹਰੇਕ ਫ਼ਰਾਂਸੀਸੀ, ਭਾਵੇਂ ਉਹ ਬੱਚਾ ਹੈ, ਮਰਦ ਹੈ ਜਾਂ ਇਸਤਰੀ ਹੈ, ਦਾ ਹੈ। ਜਦੋਂ ਉਹ ਸਾਰੇ ਖੜੇ ਹੋ ਕੇ ਗਾਉਂਦੇ ਹਨ, ਉਨ੍ਹਾਂ ਦਾ ਅੰਦਰਲਾ ਜਾਗ ਪੈਂਦਾ ਹੈ। ਇਹੀ ਗੱਲ ਜਾਪਾਨੀਆਂ ਦੇ ਕੌਮੀ ਗੀਤ ਦੀ ਹੈ। ਪਿਆਰ ਦੇ ਮਾਲਕੀ ਅਧਿਕਾਰਾਂ ਤੋਂ ਪਰ੍ਹੇ ਇਹ ਗੀਤ ਪੰਛੀਆਂ ਵਾਂਗ ਉੱਡ ਪੈਂਦੇ ਹਨ। ਇਹੀ ਹਾਲ ਵਿਸ਼ੇਸ਼ ਤੌਰ ਤੇ ਇਸ ਸੰਵੇਦਨਸ਼ੀਲ ਗੀਤ-ਗੁਰੂ ਗ੍ਰੰਥ ਸਾਹਿਬ ਦਾ ਹੈ। ਉਹ ਮੋਇਆਂ ਦੇ ਨਾਲ ਕੇਵਲ ਪੁਸਤਕ ਦੇ ਰੂਪ ਵਿਚ ਜੀਵਤ ਨਹੀਂ ਰਹੇਗਾ। ਇਸ ਤਰ੍ਹਾਂ ਹੁਣ ਸਾਨੂੰ ਗੁਰੂ ਅਰਜਨ ਦੇਵ ਜੀ ਦੇ ਵਿਸ਼ਵ-ਵਿਆਪੀ ਗੀਤ ਨਾਲ ਨਿੱਜੀ ਅਤੇ ਤੀਬਰ ਪਿਆਰ ਦਾ ਇਹਸਾਸ ਹੋਣਾ ਚਾਹੀਦਾ ਹੈ। ਗੁਰੂ ਸਾਹਿਬ ਇਥੇ ਕਿਸੇ ਕੌਮ ਜਾਂ ਸਲਤਨਤ ਦੇ ਜਾਂ ਜੰਗ ਦੇ ਰੁਦਨ ਜਾਂ ਜੇਤੂਆਂ ਦੇ ਚੀਕ-ਚਿਹਾੜੇ ਨੂੰ ਨਹੀਂ ਗਾ ਰਹੇ। ਇਹ ਉਹ ਸ਼ਬਦ ਹਨ ਜੋ, ਸਾਰੀ ਮਨੁੱਖਤਾ ਦੀਆਂ ਢਿੱਲੀਆਂ ਚੂਲਾਂ ਕੱਸ ਸਕਦੇ ਹਨ। ਇਕ ਵਾਰੀ ਮੈਂ ਆਪਣੇ ਕੰਮ ਧੰਧੇ ਬਾਰੇ ਬੜਾ ਪਰੇਸ਼ਾਨ ਸਾਂ। ਮੇਰੇ ਨਾਲ ਕੰਮ ਕਰਨ ਵਾਲੇ ਵੀ ਮੂਰਖ ਸਨ। ਗਵਾਂਢੀ ਮੈਨੂੰ ਤੰਗ ਕਰਦੇ ਸਨ। ਰਕਮ ਲਾਉਣ ਵਾਲੇ ਪਿੱਛੇ ਹਟ ਗਏ, ਅਜਿਹਾ ਹੀ ਹੁੰਦਾ ਹੈ, ਜਦੋਂ ਦੂਜਿਆਂ ਦੀ ਮਦਦ ਉਨ੍ਹਾਂ ਲਈ ਲਾਹੇਵੰਦ ਨਾ ਹੋਵੇ। ਦੋਸਤ ਮਿੱਤਰ ਜਾਂ ਤਾਂ ਗ਼ਰੀਬ ਸਨ ਜਾਂ ਬੇ-ਪ੍ਰਵਾਹ ਸਨ। ਮੈਂ ਕਈ ਦਿਨ ਜਿਵੇਂ ਪਾਗਲ ਹੀ ਰਿਹਾ ਸਾਂ ਛੋਟੀ ਮੋਟੀ ਗੱਲ ਤੇ ਵੀ ਹਰੇਕ ਨਾਲ ਲੜ ਪੈਂਦਾ ਸਾਂ। ਮੈਂ ਨਿੱਕੀ ਜਿਹੀ ਮਾੜੀ ਗੱਲ ਤੇ ਵੀ ਗੁੱਸੇ ਵਿਚ ਆ ਜਾਂਦਾ ਸਾਂ। ਮੇਰੀਆਂ ਨਸਾਂ ਬਹੁਤ ਜ਼ਿਆਦਾ ਤਣ ਜਾਂਦੀਆਂ ਸਨ। ਕਈ ਰਾਤਾਂ ਨੀਂਦ ਨਹੀਂ ਸੀ ਆਈ। ਮੇਰਾ ਖ਼ਿਆਲ ਸੀ ਕਿ ਮੈਂ ਪਾਗਲ ਹੋ ਜਾਵਾਂਗਾ। ਮੇਰੇ ਨੌਕਰ ਸੋਚਦੇ ਸਨ ਅਜਿਹੀ ਅਮੋੜਤਾ ਮੈਨੂੰ ਪਾਗ਼ਲਖ਼ਾਨੇ ਲੈ ਜਾਵੇਗੀ। ਉਹ ਮੇਰੀ ਮਾਨਸਿਕ ਸਥਿਤੀ ਬਾਰੇ ਬਹੁਤ ਚਿੰਤਤ ਸਨ। ਮੇਰੀ ਇਹੀ ਹਾਲਤ ਸੀ।

(ਇਕ ਦਿਨ) ਬੱਦਲ ਚੜ੍ਹੇ ਉੱਤਰ ਵੱਲੋਂ ਠੰਢੀ ਹਵਾ ਚੱਲੀ, ਮੈਂ ਹੱਸਿਆ। ਮੇਰੇ ਨੈਣ ਮੀਟੇ ਗਏ। ਮੈਂ ਸੁਖਮਨੀ ਸਾਹਿਬ ਦੀ ਪੋਥੀ ਚੁੱਕੀ ਤੇ ਪੜ੍ਹਣੀ ਸ਼ੁਰੂ ਕੀਤੀ । ਮੈਂ ਪੜ੍ਹਦਾ ਗਿਆ ਅਤੇ ਮੇਰੀ ਰੂਹ ਨੂੰ ਚਾਨਣਾ ਮਿਲਿਆ। ਮੇਰੇ ਬੋਲਾਂ ਵਿਚ ਮਿਠਾਸ ਭਰ ਗਈ। ਮੇਰਾ ਚਿਹਰਾ, ਜੋ ਬੇਸੁਰਤਾ ਦੇ ਪਾਪਾਂ ਦੇ ਕਾਲੇ ਧੱਬਿਆਂ ਨਾਲ ਭਰਿਆ ਪਿਆ ਸੀ, ਇਕਦਮ ਚਮਕਣ ਲਗ ਪਿਆ। ਸਾਰੇ ਧੱਬੇ ਧੋਤੇ ਗਏ। ਮੈਂ ਪੰਛੀ ਵਾਂਗ ਫਿਰ ਹੌਲਾ ਫੁਲ ਤੇ ਪ੍ਰਸੰਨ ਹੋ ਗਿਆ ਅਤੇ ਮੈ ਸੋਚਿਆ ਕਿ ਸੁਖਮਨੀ ਦਾ ਪਾਠ ਮਨੁੱਖੀ ਹਉਮੈਂ ਦਾ ਮਹਾਨ ਦਾਰੂ ਹੈ। ਦਿਮਾਗ਼ੀ ਫ਼ਤੂਰ, ਜੋ ਕਿ ਕਾਰੋਬਾਰੀ ਚਿੰਤਾਵਾਂ ਨੇ ਮੇਰੇ ਤੇ ਹਾਵੀ ਕੀਤਾ ਜਦੋਂ ਕੌਮਾਂ ਤੇ ਵਾਰਦ ਹੁੰਦਾ ਹੈ ਉਹ ਦਿਮਾਗੀ ਤੁਆਜ਼ਨ ਖੋ ਬੈਠਦੀਆਂ ਹਨ ਅਤੇ ਜੰਗ ਵਿਚ ਕੁੱਦ ਪੈਂਦੀਆਂ ਹਨ ਅਤੇ ਲੱਖਾਂ ਦਾ ਖ਼ਾਤਮਾ ਕਰ ਦਿੰਦੀਆਂ ਹਨ। ਤੁਆਜ਼ਨ ਖੋਹ ਬੈਠਣ ਤੋਂ ਪਹਿਲਾਂ ਜੇ ਉਹ ਗੁਰੂ ਅਰਜਨ ਦੇਵ ਦੇ ਸੰਗੀਤਕ ਦਰਿਆ ਵਿਚ ਇਸ਼ਨਾਨ ਕਰ ਲੈਣ, ਤਾਂ ਸਾਰਾ ਸੰਸਾਰ ਸੋਧਿਆ ਜਾ ਸਕਦਾ ਹੈ। ਗ਼ੁਲਾਮ ਕੌਮ ਦੇ ਕਿਸੇ ਵਿਅਕਤੀ ਦਾ ਇਹ ਕਹਿਣਾ ਭਾਵੇਂ ਖ਼ਿਆਲੀ ਹੀ ਪ੍ਰਤੀਤ ਹੋਵੇ, ਪਰ ਮੈਂ ਸ਼ਹਿਨਸ਼ਾਹ ਦੀ ਬਾਣੀ ਦੀ ਬਾਤ ਕਰ ਰਿਹਾ ਹਾਂ। ਸ਼ਹਿਨਸ਼ਾਹ ਦੀ ਸ਼ਿਫਤ ਸਾਲਾਹ ਨਾਲ ਗ਼ੁਲਾਮ ਦਾ ਅੰਦਰਲਾ ਵੀ ਖ਼ੁਸ਼ੀ ਨਾਲ ਭਰ ਸਕਦਾ ਹੈ। ਜੇ ਉਸ ਦੇ ਚਸ਼ਮ-ਚਿਰਾਗ਼ ਹੋਣ ਤਾਂ ਗੁਲਾਮ ਦੇ ਅੰਦਰ ਵੀ ਭਾਂਬੜ ਮੱਚ ਸਕਦੇ ਹਨ। ਅਸੀਂ ਹਰਿਮੰਦਰ ਸਾਹਿਬ ਨੂੰ ਹਰ ਥਾਂ ਨਹੀਂ ਲਿਜਾ ਸਕਦੇ । ਓਦੋਂ ਮੁਕੰਮਲ ਸ਼ਾਂਤੀ ਹੁੰਦੀ ਹੈ ਜਦੋਂ ਚੰਨ ਚੜ੍ਹਦਾ ਹੈ ਅਤੇ ਸੁਨਹਿਰੀ ਗੁਬੰਦ ਤੇ ਟਿਕ ਕੇ ਆਪਣਾ ਮੁੱਖ, ਦੁਆਲੇ ਦੀ ਨੀਲੀ ਝੀਲ ਵਿਚੋਂ ਵੇਖਦਾ ਹੈ। ਉਦੋਂ ਵੀ ਸ਼ਾਂਤੀ ਹੁੰਦੀ ਹੈ ਜਦੋਂ ਸੂਰਜ ਆਪਣੇ ਆਪ ਨੂੰ ਮੰਦਰ ਵਿਚ ਛੁਪਾ ਲੈਂਦਾ ਹੈ ਅਤੇ ਇਸਦੀਆਂ ਦੀਵਾਰਾਂ, ਛੋਟੀਆਂ ਲਹਿਰਾਂ ਤੋਂ ਅਕਸੀ ਅਜੀਬ ਰੌਸ਼ਨੀ ਨਾਲ ਝਿਲਮਿਲਾ ਉਠਦੀਆਂ ਹਨ। ਜੇ ਉਸ ਵਿਚ ਅਜ ਦੇ ਗੰਵਾਰ ਲੋਕਾਂ ਦਾ ਮਨੁੱਖੀ ਤੱਤ ਨਾ ਹੋਵੇ ਤਾਂ ਹਰਿਮੰਦਰ ਸੰਗਮਰਮਰ ਵਿਚ ਚਿੱਤਰਿਆ ਇਕ ਆਦਰਸ਼ ਹੈ। ਇਹ ਹਾਜ਼ਰ ਨਾਜ਼ਰ ਹੈ। ਇਸ ਦੀ ਖਾਮੋਸ਼ ਹੋਂਦ ਦਾ ਰੂਹਾਨੀ ਅਸਰ ਬੇਨਜ਼ੀਰ ਦੀ ਸੰਗੀਤਕ ਚੁਪ ਦੀਆਂ ਟੁੱਟੀਆਂ ਤੰਦਾਂ ਕੇਵਲ ਛੋਹ ਨਾਲ ਟਿਕਾਣੇ ਸਿਰ ਆ ਜੁੜਦੀਆਂ ਹਨ। ਯਾਤਰੀ ਧੂਆਂ, ਗਰਦਾ ਅਤੇ ਸਾਹ ਭੇਜਦੇ ਹਨ। ਹਰਿਮੰਦਰ, ਇਕ ਵਗਦੇ ਦਰਿਆ ਵਾਂਗ ਉਸ ਸਾਰੇ ਨੂੰ ਰੋੜ੍ਹ ਲੈ ਜਾਂਦਾ ਹੈ। ਇਹ ਨਿਰੰਤਰ ਰਹਿਣ ਵਾਲੀ ਪਵਿੱਤਰਤਾ ਹੈ। ਗੁਰੂ ਰਾਮਦਾਸ ਨੇ ਇਸ ਨੂੰ ਉਸਾਰਿਆ, ਗੁਰੂ ਅਰਜਨ ਦੇਵ ਨੇ ਮੁਕੰਮਲ ਕੀਤਾ। ਅਤੇ ਉਸ ਨੇ ਇਸ ਨੂੰ ਆਪਣੇ ਗੀਤਾਂ ਦਾ ਘਰ ਬਣਾਇਆ। ਉਨ੍ਹਾਂ ਨੂੰ ਇਥੇ ਤੰਬੂਰੇ ਨਾਲ ਗਾਵਿਆਂ। ਇਥੇ ਨੂਰੀ ਲੋਕ ਉਨ੍ਹਾਂ ਨੂੰ ਸੁਣਨ ਲਈ ਆਏ। ਇਥੇ ਉਹ ਹੁਣ ਵੀ ਆਉਂਦੇ ਹਨ। ਇਸਦੇ ਰੂਹਾਨੀ ਅਸਰ ਦਾ ਕਾਰਣ ਇਸ ਥਾਂ ਰੰਗ ਰਤੜਿਆਂ, ਜੀਵਨ ਮੁਕਤ ਲੋਕਾਂ ਦੀ ਨਿਤ ਫੇਰੀ ਹੈ। ਇਹੀ ਸੁਨਹਿਰੀ ਮੰਦਰ ਹਰਿਮੰਦਰ ਦਾ ਸੁਪਨਾ ਹੈ।

ਪਰ ਇਹ ਸੰਪੂਰਨ ਰੂਪ ਵਿਚ ਸੁਖਮਨੀ ਦੀਆਂ ਸੁਰਾਂ ਵਿਚ ਵਿਦਮਾਨ ਹੈ! ਸੁਖਮਨੀ ਸੰਗੀਤ ਵਿਚ ਉਸਾਰਿਆ ਹਰਿਮੰਦਰ ਹੈ।

*ਜਿਨ ਕੇ ਚੋਲੇ ਰਤੜੇ ਵਿੱਚੋਂ'

ਇਸ ਵਿਚ ਦੇਵਤਿਆਂ ਦੀ ਹੋਂਦ ਦਾ ਰੂਹਾਨੀ ਵਾਤਾਵਰਣ ਹੈ। ਅਤੇ ਜੋ ਉਨ੍ਹਾਂ ਫ਼ਰਿਸ਼ਤਿਆਂ ਨੂੰ ਮਿਲਣ ਲਈ ਸੁਖਮਨੀ ਪੜ੍ਹਦੇ ਹਨ, ਉਹ ਉਨ੍ਹਾਂ ਨੂੰ ਇਸ ਦੇ ਸੰਗੀਤ ਵਿਚੋਂ ਮਿਲਦੇ ਹਨ। ਮੈਂ ਨਹੀਂ ਕਹਿੰਦਾ ਕਿ ਸੁਲਤਾਨਪੁਰ ਦੇ ਪੁਰਾਣੇ ਕਾਜ਼ੀ ਦੀ ਨਮਾਜ਼ ਵਾਂਗ ਇਸ ਦਾ ਰੋਜ਼ਾਨਾ ਪਾਠ, ਕੋਈ ਬਹੁਤ ਭਲੇ ਦਾ ਕੰਮ ਹੈ। ਨੇਕੀ ਦੀ ਮੰਗ ਤਾਂ ਇਹ ਹੈ ਕਿ ਅਸੀਂ ਇਸ ਦੀ ਲੈਅ ਵਿਚ ਜੀਵੀਏ, ਟੁਰੀਏ ਫਿਰੀਏ ਤੇ ਰਹੀਏ। ਜੇ ਇਸਦੇ ਆਦਰਸ਼ ਨਾਲ ਸਾਡੇ ਵਿਚ ਮਿਠਤ ਸਿੰਜਰ ਗਈ ਹੋਵੇ, ਇਸ ਦਾ ਨਿਤ ਪਾਠ ਸ਼ਕਤੀ ਹੈ, ਕਦੇ ਕਦੇ ਦਾ ਪਾਠ ਪਿਆਰ ਹੈ ਅਤੇ ਇਸ ਨੂੰ ਬਿਲਕੁਲ ਨਾ ਪੜ੍ਹਨਾ ਮਿਲਾਪ ਹੈ। ਨਾ ਪੜ੍ਹਨਾ ਹੀ ਸਭ ਤੋਂ ਔਖਾ ਹੈ। ਕਦੇ ਕਦੇ ਦਾ ਪਾਠ ਉਸ ਦੇ ਪਿਆਰ ਦੇ ਆਵੇਸ਼ ਵਿਚ ਦਾਖ਼ਲ ਹੋਣਾ ਹੈ। ਅਤੇ ਰੋਜ਼ਾਨਾ ਪਾਠ ਉਨ੍ਹਾਂ ਸ਼ਕਤੀਆਂ ਤੇ ਕਾਬੂ ਪਾਉਣਾ ਹੈ, ਜਿਨ੍ਹਾਂ ਦੇ ਮਾਲਕ ਨੂੰ ਆਪਣੀ ਰਜ਼ਾ ਅਨੁਸਾਰ ਲੋੜ ਹੋਵੇ, ਪਰ ਯਕੀਨਨ ਉਸ ਪੁਰਾਣੇ ਕਾਜ਼ੀ ਵਾਂਗ, ਇਸ ਦਾ ਪੰਜ ਵਾਰੀ ਪਾਠ ਵੀ ਅਧਵਾਟੇ ਦੀ ਗੱਲ ਹੈ, ਇਕ ਛੋਟੀ ਜਿਹੀ ਮਿਸਾਲ ਵਜੋਂ, ਫ਼ਰਾਂਸੀਸੀ ਮਿੱਤਰ ਦੀ 'ਲਾ ਮਰਸੀਲਿਜ਼, 'ਨੂੰ ਇਸ ਦੀ ਕੌਮੀ ਰੂਹ ਦੇ ਸੰਗੀਤ ਦੇ ਹੁੰਦੇ ਜਾਂ ਅਣਹੁੰਦੇ ਲੋੜੀਂਦੀ ਉੱਚੀ ਆਵਾਜ਼ ਦੇ ਬਿਨਾਂ ਦੁਹਰਾਉਣਾ ਹੈ। ਇਹ ਸਮਾਂ ਜਾਂ ਮੌਕਾ ਹੀ ਹੈ ਜੋ ਸੰਗੀਤ ਨੂੰ ਆਪਣੀ ਸ਼ਕਤੀ ਪ੍ਰਦਾਨ ਕਰਦਾ ਹੈ। ਸੁਖਮਨੀ ਦਾ ਪਾਠ, ਸਾਨੂੰ ਉਸ ਦੇ ਸਿੱਖ ਵਜੋਂ ਰੂਹ ਦੇ ਮੇਲ ਦੀ ਲਾਲੀ ਸਹਿਤ ਕਰਨਾ ਚਾਹੀਦਾ ਹੈ। ਸਾਨੂੰ ਉਨ੍ਹਾਂ ਸ਼ਬਦਾਂ ਤਕ ਸਦਾ ਨਵੇਂ ਰੰਗੀਨ ਹੰਭਲੇ ਮਾਰਨੇ ਚਾਹੀਦੇ ਹਨ, ਮੈਂ ਤੁਹਾਨੂੰ ਇਥੇ ਦੱਸਾਂ ਕਿ ਕਿਵੇਂ ਜਾਪਾਨ ਦੇ ਕਲਾਕਾਰ ਲੋਕ ਗੀਤਾਂ ਦਾ ਸਤਿਕਾਰ ਕਰਦੇ ਹਨ। 'ਉਟਾ' ਰਚਨ ਵਾਲਿਆਂ ਦੀਆਂ ਸੰਖੇਪ ਕਾਵਿ ਉਡਾਰੀਆਂ ਨੂੰ ਇਕ ਨਿਰਾਲੇ ਢੰਗ ਨਾਲ ਸਤਿਕਾਰਿਆ ਜਾਂਦਾ ਹੈ। ਇਕ ਚਾਹ ਮਾਲਕ ਦੇ ਰਚੇ "ਚੰਨ" ਬਾਰੇ ਇਕ ਗੀਤ ਦਾ ਇਸੇ ਤਰ੍ਹਾਂ ਹੀ ਸਵਾਗਤ ਕੀਤਾ ਗਿਆ। ਚਾਹ ਦੇ ਮਾਲਕ ਨੇ ਕੁਝ ਮਿੱਤਰ ਬੁਲਾਏ ਮਿੱਤਰ ਵੀ ਉਹ ਜੋ ਉਸ ਅਦ੍ਰਿਸ਼ਟ ਇਕਸੁਰਤਾ ਸਹਿਤ ਜੁੜੇ ਹੋਏ ਸਨ, ਉਹ ਨਿਰੇ ਆਮ ਬਾਤੂਨੀ ਨਹੀਂ ਸਨ, ਉਹ ਸੰਗੀਤ ਨਾਲ ਜੁੜੇ ਹੋਏ ਸਨ ਅਤੇ ਸੰਗੀਤਕ ਗੁਣਾਂ ਨਾਲ ਨਸ਼ਿਆਏ ਪਏ ਸਨ। ਅਧੀ ਰਾਤ ਦਾ ਸਮਾਂ ਸੀ। ਉਹ ਜਾਪਾਨ ਦੀਆਂ ਸਾਦਾ ਫੂੜ੍ਹੀਆਂ ਤੇ ਇਕ ਰੂਹਾਨੀ ਕਮਰੇ ਵਿਚ ਜੋ ਫ਼ਰਨੀਚਰ ਤੋਂ ਰਹਿਤ ਸੀ, ਆ ਬੈਠੇ ਅਤੇ 'ਚੰਨ' ਦਾ ਇਕ ਖ਼ੂਬਸੂਰਤ ਚਿੱਤਰ, ਉਸ ਤੇ ਲਿਖੇ 'ਉਟਾ' ਗੀਤਾਂ ਸਹਿਤ, ਦੀਵਾਰ ਤੇ ਪਹਿਲਾਂ ਹੀ ਲਟਕ ਰਿਹਾ ਸੀ, ਪਰ ਉਸ ਨੂੰ ਕਿਸੇ ਨਹੀਂ ਸੀ ਵੇਖਿਆ। ਅਤੇ ਸੁੰਦਰਤਾ ਸਾਕਾਰ ਹੋਈ ਸੀ। ਜਦੋਂ ਕਿਸੇ ਮਹਿਮਾਨ ਨੂੰ ਵੀ ਪਤਾ ਸੀ। ਅਚਾਨਕ ਮੇਜ਼ਬਾਨ ਨੇ ਸ਼ੋਜੀ ਸਿਰਕਾਈ, ਕਮਰੇ ਦਾ ਸਿਰਕਿਆ ਦਰ, ਅਤੇ ਆਕਾਸ਼ ਦਾ ਚੰਦਰਮਾ ਕਵਿਤਾ ਦੇ ਰੂਪ ਵਿਚ ਕਮਰੇ ਵਿਚ ਆ ਉਤਰਿਆ। ਸਾਰਿਆ ਨੇ 'ਉਟਾ' ਦੀ ਉਪਮਾ ਕੀਤੀ। ਉਸ ਨੇ ਸਾਰਿਆਂ ਤੇ ਮੂਕ ਸ਼ਲਾਘਾ ਦਾ ਵਜਦ ਤਾਰੀ ਕਰ ਦਿੱਤਾ। ਤੁਸੀਂ ਵੇਖ ਸਕਦੇ ਹੋ ਕਿ ਜਦੋਂ ਉਟਾ ਦਾ ਇੰਨਾਂ ਸਵਾਗਤ ਜ਼ਰੂਰੀ ਹੈ ਤਾਂ ਸੁਖਮਨੀ ਦੇ ਸ਼ਬਦ ਦਾ ਸਵਾਗਤ ਤੁਹਾਡੀ ਕਿੰਨੀ ਕਲਾਮਈ ਪ੍ਰਾਪਤੀ ਹੋਵੇਗੀ। ਦੂਜੇ ਪਾਸੇ, ਤੁਸੀਂ ਇਸ ਲਈ ਬਿਲਕੁਲ ਤਿਆਰ ਨਹੀਂ। ਕੁਝ ਭਲੇ ਪੁਰਸ਼ਾਂ ਦੇ ਸੰਕਲਪ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ, ਜੋ ਇਸ ਦਾ ਰੋਜ਼ਾਨਾ ਪਾਠ ਕਰਦੇ ਹਨ, ਜਿਨ੍ਹਾਂ ਨਾਲ ਤੁਹਾਡੇ ਪਾਸ, ਉਸ ਦੇ ਤੁਹਾਡੇ ਹੋਣ ਦਾ ਇਕ ਦਾਅਵਾ ਹੈ। ਪਰ ਇਹ ਤਾਂ ਇਕ ਮੂਰਖ ਪਾਸ ਇਕ ਵੱਡੇ ਖ਼ੂਬਸੂਰਤ ਹੀਰੇ ਵਾਲੀ ਬਾਤ ਹੈ, ਜਿਸ ਨਾਲ ਉਹ ਸਬਜ਼ੀਆਂ ਤੋਲਦਾ ਹੈ।

ਗੁਰੂ ਗ੍ਰੰਥ ਸਾਹਿਬ ਵਾਂਗ, ਜਿਸ ਦੇ ਇਕ ਸ਼ਬਦ ਵਿਚ ਵੀ ਉਹ ਵਿਚਾਰ ਜੜਿਆ ਪਿਆ ਹੈ, ਜੋ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਹੈ, ਸੁਖਮਨੀ ਵੀ ਉਸ ਦੇ ਖ਼ੂਬਸੂਰਤ ਗੀਤਾਂ ਦਾ ਦੁਹਰਾਓ ਹੈ। ਉਸ ਪਿਆਰੇ ਦੇ ਮੁੱਖ ਦਾ ਇਕ ਝਲਕਾਰਾ। ਪਰ ਪਹਿਲਾ ਹੀ ਸੰਦੇਸ਼, ਗੁਰੂ ਗ੍ਰੰਥ ਸਾਹਿਬ ਅਤੇ ਸੁਖਮਨੀ ਦਾ, ਉਸ ਸਰਾਪਾ ਹੁਸਨ ਦਾ ਅਰਥ ਨਹੀਂ, ਸੰਗੀਤ ਹੈ। ਜਿਵੇਂ, ਜੇ ਕੋਈ ਹੁਸੀਨ ਔਰਤ ਅਚਾਨਕ ਤੁਹਾਡੇ ਸਾਹਮਣੇ ਆ ਜਾਵੇ। ਇਹ ਉਸ ਸ਼ਖਸੀਅਤ ਦਾ ਸੰਗੀਤ ਹੀ ਹੈ, ਜੋ ਤੁਹਾਡੀ ਆਤਮਾ ਦੀਆਂ ਤਾਰਾਂ ਨੂੰ ਝੁਣ-ਝੁਣਾ ਦਿੰਦਾ ਹੈ, ਨਾ ਕਿ ਉਸ ਦਾ ਕੋਈ ਅਰਥ। ਇਸ ਪੱਖੋਂ ਸੰਗੀਤ, ਕਾਵਿ ਨਾਲੋਂ ਉਚੇਰਾ ਹੈ। ਕਵਿਤਾ ਦੇ ਅਰਥ ਹਨ, ਪਰ ਉਚੇਰੀ ਕਵਿਤਾ ਅਤੇ ਸੰਗੀਤ ਦੇ ਕੋਈ ਅਰਥ ਨਹੀਂ, ਇਸ ਲਈ ਉਸ ਮਹਿਬੂਬ ਦੀ ਅੰਤਰਮੁੱਖੀ ਹੋਂਦ ਹੈ। ਇਹ ਸਾਡੇ ਅੰਦਰ ਰੂਹਾਨੀ ਪ੍ਰਵਿਰਤੀ ਨੂੰ ਸੈੱਟ ਕਰਨਾ ਹੈ। ਇਹ ਉਸ ਮਹਿਬੂਬ ਦਾ ਸੰਗੀਤ ਹੈ। ਉਹ ਸ਼ਾਂਤੀ, ਜੋ ਮਹਿਬੂਬ ਨੂੰ ਮਿਲਕੇ ਪ੍ਰਾਪਤ ਹੁੰਦੀ ਹੈ। ਜੇ ਕੋਈ ਗਵਾਚਿਆ ਪੁੱਤਰ ਘਰ ਆ ਜਾਵੇ ਅਤੇ ਮਾਂ ਉਪੱਰ ਜਾ ਕੇ ਉਸ ਨੂੰ ਮਿਲੇ ਤਾਂ ਤੁਰੰਤ ਇਕ ਬੇਖ਼ੁਦੀ ਦਾ ਵਾਤਾਵਰਣ ਬਣ ਜਾਂਦਾ ਹੈ। ਇਸ ਮਿਲਾਪ ਦੀ ਅਥਰੂਆਂ ਭਿੱਜੀ ਸ਼ੁਕਰਾਨੇ ਭਰੀ ਬੇਖ਼ੁਦੀ ਉਸੇ ਸੰਗੀਤਾਤਮਕ ਪਹੁੰਚ ਵਰਗੀ ਹੈ ਜੋ ਅਸਾਂ ਸੁਖਮਨੀ ਵੱਲ ਕਰਨੀ ਹੈ। ਮੈਂ ਭੌਤਿਕ ਵਸਤਾਂ ਦੀ ਬਾਤ ਨਹੀਂ ਕਰ ਰਿਹਾ। ਜਦੋਂ ਲੈਲਾ ਆਉਂਦੀ ਹੈ ਅਤੇ ਮਜਨੂੰ ਨੂੰ ਮਿਲਦੀ ਹੈ, ਤਾਂ ਮਜਨੂੰ ਨੂੰ ਖ਼ੁਸ਼ੀ ਵਿਚ ਅਜਿਹਾ ਪਾਗਲ ਕਰ ਦਿੰਦੀ ਹੈ, ਜਿਸ ਵਿਚ ਉਹ ਆਪਣੇ ਆਪ ਨੂੰ ਭੁੱਲ ਜਾਂਦਾ ਹੈ। ਉਹ ਤੀਬਰ ਪਿਆਰ, ਜੋ ਸਾਨੂੰ ਆਪਣੇ ਆਪ ਤੋਂ ਵੱਖ ਕਰਦਾ ਹੈ ਸੁਖਮਨੀ ਦੇ ਸੰਗੀਤ ਨੂੰ ਪੜ੍ਹਨ ਲਈ ਹੀ ਉਹ ਲੋੜੀਂਦੀ ਮਿਠਾਸ ਹੈ। ਇਕ ਪਿਆਸਾ, ਗੁਰੂ ਅਰਜਨ ਦੇਵ ਨੂੰ ਮਿਲਣ ਦਾ ਅਭਿਆਸੀ, ਇਕ ਗੂੰਗਾ ਜੋ ਉਸ ਦੇ ਦਰਸ਼ਨਾਂ ਲਈ ਨੰਗੇ ਪੈਰ ਜਾਂਦਾ ਹੈ। ਸੁਖਮਨੀ ਦੇ ਸੰਗੀਤ ਦੀ ਤਿਆਰੀ ਵਿਚ ਹੈ। ਇਹ ਸੰਗੀਤ ਹੈ ਅਤੇ ਸਾਡੇ ਵਿਚ ਵੀ ਉਸ ਤਕ ਪਹੁੰਚਣ ਦੀ ਦਲੇਰੀ ਦਾ ਸੰਗੀਤ ਹੋਣਾ ਚਾਹੀਦਾ ਹੈ। ਅਤੇ ਮੈਂ ਤੁਹਾਨੂੰ ਮਿਲਾਪ ਦੇ ਸੰਗੀਤ ਬਾਰੇ ਦਸਦਾ ਹਾਂ, ਜੋ ਮਨੁੱਖੀ ਰੂਹ ਦਾ ਸਭ ਤੋਂ ਉੱਚਾ ਅਤੇ ਤੀਬਰ ਪਿਆਰ ਹੈ।

ਆਪਣੇ ਆਲੇ-ਦੁਆਲੇ ਨਾਲ ਸੰਗੀਤਾਤਮਕ ਸੰਬੰਧ, ਸੰਗੀਤਕ ਨਸ਼ਾ, ਅਤੇ ਪਿਆਰ ਵਿਗੁੱਤਾ ਰਾਗਾਤਮਕ ਜੀਵਨ, ਇਹ ਸੁਖਮਨੀ ਦੀ ਪ੍ਰਾਪਤੀ ਤੇ ਪ੍ਰਭਾਵ ਹਨ। ਜਿਸ ਨੂੰ ਰੂਹ ਦੀ ਬਾਦਸ਼ਾਹੀ ਪ੍ਰਾਪਤ ਹੈ, ਉਹ ਹੀ ਇਸ ਦੀ ਖ਼ੁਸ਼ੀ ਮਾਣ ਸਕਦਾ ਹੈ। ਇਸ ਵਿਚ ਉਹੀ ਸਨਮਾਨ ਹੈ ਜੋ ਲਾ ਮਰਸੇਲਿਜ਼ ਅਤੇ ਜਾਪਾਨੀ ਕੌਮੀ ਗੀਤ, ਲੋਕਾਂ ਦੇ ਖ਼ੂਨ ਵਿਚ ਹਲੂਲ ਕਰਦਾ ਹੈ। ਇਸ ਲਈ, ਇਹ ਜਾਂ ਉਹ, ਜਿਨ੍ਹਾਂ ਪਾਸ ਸੁਖਮਨੀ ਹੈ, ਭਾਰਤੀ ਜਾਂ ਜਾਪਾਨੀ ਜਾਂ ਅੰਗ੍ਰੇਜ਼ ਨਹੀਂ ਬਣਦੇ। ਸਗੋਂ ਅੰਦਰ ਰੂਹ ਦੇ ਵਜ ਰਹੇ ਸੰਗੀਤ ਦੇ ਧਾਰਣੀ ਮਨੁੱਖ। ਉਹ ਜਿਥੇ ਵੀ ਹਨ, ਉਥੇ ਨਫ਼ਰਤ ਦਾ ਨਾਂ ਨਹੀਂ, ਕੋਈ ਸ਼ੋਰ ਨਹੀਂ। ਇਕ ਰਾਗਾਤਮਕ ਵਾਤਾਵਰਣ ਉਨ੍ਹਾਂ ਦੇ ਜੀਵਨ ਤੇ ਛਾਇਆ ਹੋਇਆ ਹੈ, ਉਹ ਮਰ ਜਾਣਗੇ ਜੇ ਉਹ ਮਿੱਠਤ ਭਰੀ ਸ਼ਾਂਤੀ, ਉਹ ਚਾਨਣੀ ਵਰਗਾ ਹੁਸਨ ਉਨ੍ਹਾਂ ਤੋਂ ਖੁਸ ਜਾਵੇ। ਉਹ ਪਿਆਰ ਦੇ ਸੰਗੀਤ ਵਿਚ ਜਿਉਂਦੇ ਹਨ। ਰਾਜਸੀ ਅਧਿਕਾਰ ਦਰਵਾਜ਼ਿਉਂ ਬਾਹਰ ਹੀ ਰਹਿੰਦੇ ਹਨ। ਸਾਰੇ ਅਧਿਕਾਰ ਗ਼ਲਤ ਹਨ ਜੇ ਮੇਰੀ ਰੂਹ ਆਪਣੀ ਚਮਕ

ਗਵਾ ਬੈਠੇ। ਜੇ ਮੇਰੇ ਇਸ ਸਰੀਰਕ ਮੰਦਰ ਵਿਚੋਂ ਸੁਖਮਨੀ ਨਿਕਲ ਜਾਵੇ, ਤਾਂ ਸਾਰਾ ਸੰਸਾਰ ਮੇਰੇ ਲਈ ਕਬਰਸਤਾਨ ਹੈ। ਉਮਾਹ ਲਈ ਇਕ ਕਲਾਕਾਰ ਦਾ ਇਹ ਮਹਾਨ ਰਸ਼ਕ ਸੁਖਮਨੀ ਵਾਲਿਆਂ ਵਿਚ ਹਰੇਕ ਵਿਚ ਹੈ। ਜਦੋਂ ਮੇਰੇ ਗੀਤ ਦਾ ਨਸ਼ਾ ਮੇਰੇ ਵਿਚੋਂ ਚਲਾ ਜਾਵੇ, ਜਦੋਂ ਮੇਰੀ ਕਲਾ ਦੀ ਖ਼ੁਸ਼ੀ ਖ਼ਤਮ ਹੋ ਜਾਵੇ ਤਾਂ ਜੀਵਨ ਕਿਸ ਲੇਖੇ? ਦਿਲਬਰ ਬਿਨਾਂ, ਇਕ ਦਿਨ, ਇਕ ਘੜੀ, ਇਕ ਲਮਹੇ ਵਿਚ ਵੀ ਮੇਰੇ ਸੀਨੇ ਵਿਚੋਂ ਸਿਕੇ ਦੀ ਗੋਲੀ ਪਾਰ ਹੋ ਜਾਣੀ ਚੰਗੀ ਹੈ।

ਇਸ ਲਈ ਸੁਖਮਨੀ ਦਾ ਸੰਦੇਸ਼ ਹੈ, ਆਪੇ ਦੀ ਸੰਭਾਲ, ਆਪਣੇ ਅੰਦਰ ਹਰਿਮੰਦਰ ਵਾਲਾ ਮਾਹੌਲ ਬਣਾਈ ਰਖਣਾ।

ਮੈਨੂੰ ਦੱਸੋ; ਵੱਗ ਰਹੇ ਦਰਿਆ ਦਾ, ਆਪਣੀ ਉਡਾਰੀ ਤੇ ਆਏ ਗੀਤ ਦਾ ਕੀ ਅਰਥ ਹੈ? ਕੀ ਇਹ ਸਾਡੀ ਮੂਰਖਤਾ ਨਹੀਂ, ਜੇ ਅਸੀਂ ਆਕਾਸ਼ ਅਤੇ ਤਾਰਿਆਂ ਦੇ ਅਰਥ ਪੁੱਛੀਏ, ਜਦੋਂ ਕਿ ਇਕ ਨਜ਼ਾਰਾ ਹੀ ਰੂਹ ਲਈ ਸੰਗੀਤ ਹੈ। ਸੁਖਮਨੀ, ਮੈਂ ਤੁਹਾਨੂੰ ਦਸਦਾ ਹਾਂ, ਉਸੇ ਤਰ੍ਹਾਂ ਦੀ ਹੁਸੀਨ ਚੀਜ਼ ਹੈ। ਸੁੰਦਰਤਾ ਨੂੰ ਵੇਖਣਾ ਹੀ ਉਸ ਨੂੰ ਜਾਣਨਾ ਹੈ। ਸੁੰਦਰਤਾ ਦਾ ਪਿਆਰ ਹੀ ਸੁੰਦਰ ਹੋਣਾ ਹੈ। ਉਹ ਸਰਾਪਾ ਹੁਸਨ ਹੀ ਪੂਰਨ ਸੱਚ ਹੈ। ਜਦੋਂ ਇਸ ਦਾ ਬਿਆਨ ਕਿਸੇ ਵਿਸ਼ੇਸ਼ ਉਪਭਾਖਾ ਵਿਚ ਹੁੰਦਾ ਹੈ। ਤਾਂ ਇਹ ਸੰਗੀਤ ਕਿਵੇਂ ਵਿਸ਼ਵ-ਵਿਆਪੀ ਹੋ ਸਕਦਾ ਹੈ। ਜਿਵੇਂ ਪ੍ਰਕਿਰਤੀ, ਹਜ਼ਾਰਾਂ ਅਤੇ ਕਈ ਸੈਂਕੜੇ ਹਜ਼ਾਰਾਂ ਭਾਸ਼ਾਵਾਂ ਦੇ ਬਾਵਜੂਦ, ਜੀਵਨ ਸੰਗੀਤ ਨੂੰ ਵਿਸ਼ਵ-ਵਿਆਪੀ ਬਣਾ ਦਿੰਦੀ ਹੈ। ਹੁਸੀਨ ਇਸਤਰੀ ਨੂੰ ਹਰ ਥਾਂ ਪਿਆਰ ਕਰਨ ਲਈ ਖ਼ਾਸ ਸ਼ਬਦਾਂ ਦੀ ਲੋੜ ਨਹੀਂ। ਪਰੰਤੂ ਇਸ ਫਰਕ ਨਾਲ ਗੁਰੂ ਅਰਜਨ ਦੇਵ ਦਾ ਗੀਤ ਅਸਾਂ ਅਮਲ ਵਿਚ ਲਿਆਉਣਾ ਹੈ ਅਤੇ ਸਾਡੇ ਲਈ ਹੈ। ਇਹ ਸੁਖਮਨੀ ਦੇ ਪਾਠਕ ਦੀ ਦ੍ਰਿਸ਼ਟੀ ਹੀ ਹੈ ਜੋ ਸੁਖਮਨੀ ਦੇ ਸੰਗੀਤ ਨੂੰ ਮਨੁੱਖ ਮਾਤਰ ਲਈ ਵਿਸ਼ਵ-ਵਿਆਪੀ ਬਣਾ ਦੇਵੇਗੀ। ਪੁੱਤਰ ਨੂੰ ਵੇਖ ਕੇ, ਪਿਤਾ ਦਾ ਅਨੁਮਾਨ ਲਗ ਜਾਵੇਗਾ। ਜੇ ਤੁਸੀਂ ਉਸ ਕਿਸਮ ਦਾ ਮਨੁੱਖ ਨਹੀਂ ਬਣ ਸਕਦੇ ਜੋ ਸੁਖਮਨੀ ਜਾਂ ਗੁਰੂ ਗ੍ਰੰਥ ਸਾਹਿਬ ਵਿਚ ਚਿਤਰਿਆ ਹੈ, ਤੁਸੀਂ ਮਰ ਜਾਓਗੇ ਅਤੇ ਗੀਤ ਵੀ ਮਰ ਜਾਵੇਗਾ, ਕਿਉਂਕਿ ਆਪਣੀ ਉਪਭਾਖਾ ਵਿਚ ਇਹ ਬਿਲਕੁਲ ਸਥਾਨਕ ਹੈ। ਅਜਿਹੀਆਂ ਚੀਜ਼ਾਂ ਦਾ ਅਨੁਵਾਦ ਮਨੁੱਖਾਂ ਰਾਹੀਂ ਹੈ, ਜੋ ਪਿਆਰ ਵਿਗੁੱਤਾ ਜੀਵਨ ਜੀ ਰਹੇ ਹਨ। ਬਾਈਬਲ ਅਤੇ ਉਸ ਦੇ ਅਨੁਵਾਦ ਨਿਰਾਰਥਕ ਹਨ, ਇਹ ਤਾਂ ਯਕੀਨ ਦਾ ਉਹ ਰਾਗਾਤਮਕ ਜੀਵਨ ਹੈ, ਜੋ ਈਸਾਈ ਸੰਤ ਜਿਉਂਦੇ ਸਨ, ਜਿਨ੍ਹਾਂ ਨੇ ਯੂਰਪ ਵਿਚ ਉਹ ਮਹਾਨ ਗਿਰਜਾ ਉਸਾਰਿਆ, ਪੁਸਤਕ ਬਾਈਬਲ, ਜਿੰਨਾਂ ਚਿਰ ਮਨੁੱਖ ਦੈਵੀ ਸੰਗੀਤ ਵਿਚ ਢਾਲ ਨਹੀਂ ਦਿੱਤੇ ਜਾਂਦੇ, ਜਿਨ੍ਹਾਂ ਚਿਰ ਰੂਪ-ਹੀਣ ਸੰਗਮਰਮਰ ਨੂੰ ਕਲਾਕਾਰ ਦੀ ਛੈਣੀ ਤਰਾਸ਼ ਨਹੀਂ ਦਿੰਦੀ, ਸਮਾਜ ਵਿਚ ਕੋਈ ਰਾਗਾਤਮਕ ਕਾਰਜ ਹੋ ਹੀ ਨਹੀਂ ਸਕਦਾ। ਇਸ ਰਾਗਾਤਮਕ ਕਾਰਜ ਤੋਂ ਬਿਨਾਂ ਸੁਖਮਨੀ ਬਹੁਤੀ ਦੇਰ ਤੁਹਾਡੇ ਪਾਸ ਨਹੀਂ ਰਹਿ ਸਕਦੀ। ਮਾਨ ਸਰੋਵਰ ਦਾ ਇਹ ਹੰਸ ਤੁਹਾਡੇ ਪਾਸੋਂ ਉੱਡ ਜਾਵੇਗਾ, ਜੇ ਤੁਸੀਂ ਆਪਣੇ ਹਿਰਦੇ ਦੇ ਪਟ ਨਹੀਂ ਖੋਲੋਗੇ ਅਤੇ ਉਸ ਨੂੰ ਆਪਣੇ ਹਿਰਦੇ ਦਾ ਮਾਨ ਸਰੋਵਰ ਨਹੀਂ ਵਿਖਾਉਗੇ। ਮਿਕਾਨਕੀ ਜਾਪ ਮੂਰਖਤਾ ਹੈ, ਜਿੰਨਾ ਚਿਰ ਉਸ ਨੂੰ ਆਪਣੇ ਪਿਤਾ ਦੇ ਆਦਰਸ਼ਾਂ ਅਨੁਸਾਰ ਢਾਲਣ ਦੀ ਅੰਦਰਲੇ ਸਜੀਵ ਇਕਾਂਤ ਦੀ ਟੇਕ ਨਹੀਂ ਮਿਲਦੀ। ਆਦਮੀ ਦੀ ਕਦਰ ਕੀਮਤ ਦਾ ਜਾਇਜ਼ਾ ਉਸ ਦੀ ਇਸ ਕਲਾਮਈ ਚੇਤਨਤਾ ਅਤੇ ਇਸ ਦੀ ਉਸਾਰੀ ਦੇ ਵਿਕਾਸ ਤੋਂ ਲਗਦਾ ਹੈ ਅਤੇ ਸਭ ਤੋਂ ਉੱਤਮ ਕਲਾ, ਹੁਸੀਨ ਹੋਣਾ ਹੈ, ਚੰਗੇ ਚਿੱਤਰ ਬਣਾਉਣ ਜਾਂ ਵਧੀਆ ਖ਼ਾਕੇ ਤਿਆਰ ਕਰਨ ਵਾਲਾ ਨਹੀਂ। ਅਤੇ ਸੁਖਮਨੀ ਉਹ ਸੰਗੀਤ ਹੈ ਜੋ ਸਾਡੇ ਅੰਦਰ ਉਸ ਹੁਸਨ ਨੂੰ ਜਲਵਾਨੁਮਾ ਕਰਦੀ ਹੈ। ਜਿੰਨਾਂ ਚਿਰ ਹਰੇਕ ਯੂਸਫ ਨਾਲੋਂ ਵੱਧ ਹੁਸਨ ਨਹੀਂ, ਜਿੰਨਾਂ ਚਿਰ ਸਾਰਾ ਸੰਸਾਰ ਤੁਹਾਡੀ ਜ਼ੁਲੇਖਾਂ ਦੀ ਇਕ ਝਾਤ ਨੂੰ ਤਰਸ ਨਹੀਂ ਰਿਹਾ, 'ਸਿੱਖ' ਅਖਵਾਉਣ ਦਾ ਕੀ ਲਾਭ ਹੈ। ਜਿਨ੍ਹਾਂ ਪਾਸ ਉਹ ਮਹਾਨ ਬਾਣੀ ਹੈ, ਗੁਰੂ ਸਾਹਿਬਾਨ ਦੀ ਇਕ ਬਹੁਤ ਵੱਡੀ ਬਾਣੀ, ਗੁਰੂ ਗ੍ਰੰਥ। ਯੂਨਾਨੀਆਂ ਨੇ ਬਹੁਤ ਖ਼ੂਬਸੂਰਤ ਚਿੱਤਰ ਬਣਾਏ ਜੋ ਕਲਾ ਦੀ ਯੂਰਪੀ ਸਭਿਅਤਾ ਤੇ ਛਾਏ ਹੋਏ ਹਨ, ਇਨ੍ਹਾਂ ਦੇ ਸਾਰੇ ਆਦਰਸ਼ ਯੂਨਾਨੀਅਤ ਵਾਲੇ ਹਨ। ਯੂਨਾਨੀਅਤ (Hellonism) ਯੂਰਪ ਦਾ ਧਰਮ ਹੈ। ਉਹ ਰੋਮਨਾਂ ਵਾਂਗ ਸਲਤਨਤਾਂ ਪਿੱਛੇ ਨਹੀਂ ਭੱਜਦੇ। ਰੋਮ ਨੇ ਆਪ ਆਪਣੀ ਕਬਰ ਪੁੱਟੀ, ਪਰ ਯੂਨਾਨ ਨੇ ਆਪਣੇ ਹੁਸਨ ਦੇ ਨਜ਼ਰੀਏ ਦੀ ਮਨੁੱਖੀ ਜਜ਼ਬਾਤ ਦੀ ਸਦੀਵਤਾ ਵਿਚ ਇਕ ਵੱਖਰੀ ਹਕੂਮਤ ਕਾਇਮ ਕਰ ਲਈ ਹੈ।

ਉਹ ਗਭਰੂ ਸਿੱਖੋ! ਯਾਦ ਰਖੋ, ਜੋ ਆਵਾਮੀ ਦੌੜ ਲਭ ਰਹੀ ਹੈ, ਉਹ ਲਭਣ ਦੇ ਲਾਇਕ ਨਹੀਂ। ਉਨ੍ਹਾਂ ਸਾਰਿਆਂ ਉਹ ਚੀਜਾਂ ਲਭੀਆਂ ਅਤੇ ਮਿਟ ਗਏ। ਜੋ 'ਉਸ' ਨੂੰ ਭਾਲਦੇ ਹਨ। ਉਹ ਸਤਿਗਾਰ ਯੋਗ ਹਨ? ਮਾਲਕ ਆਪ ਕਹਿੰਦਾ ਹੈ "ਕੋਟਨ ਮੈ ਕੋਊ" ਪਰ ਜਵਾਨੋ! ਕਰੋੜਾਂ ਵਿਚ ਉਹ ਇਕ ਤੁਸੀਂ ਵੀ ਹੋ ਸਕਦੇ ਹੋ। ਤੁਹਾਡੇ ਵਿਚੋਂ ਕਰੋੜਾਂ ਉਸ ਨੂੰ ਭਾਲਣ ਅਤੇ ਕਿਸੇ ਇਕ ਨੂੰ ਉਹ ਮਿਲੇ ਅਤੇ ਇਸ ਤਰ੍ਹਾਂ ਕਰੋੜਾਂ ਦੀ ਭਾਲ ਨੂੰ ਕੋਈ ਅਦੁੱਤੀ ਫਲ ਲਗੇਗਾ। ਇਹੀ ਭਾਵ ਹੈ, ਜਦੋਂ ਗੁਰੂ ਸਾਹਿਬ ਆਖਦੇ ਹਨ, "ਸੁਚੀ ਕਲਾ ਦੀ ਪ੍ਰਤਿਭਾ ਵਿਰਲੀ ਹੈ।"


ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**'ਗੁਰਸਿੱਖ ਸੰਜੋਗ'**

**(ਪੰਦਰਾ-ਰੋਜ਼ਾ ਪੱਤਰ)**

**ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ, ਪੂਸਾ ਰੋਡ, ਨਵੀਂ ਦਿੱਲੀ-110 060**

**ਫੋਨ : 5735955**

# Universality of the Sikh Teachings*

**Dalip Singh**

"O, my Lord, day and night all Thy creatures of the whole Universe remember Thee and serve Thee, And Thou listeneth their prayers and beseechings by lending Thy ears." (Guru Arjun, Sri Rag, Page 74 Adi G.G.)

Guru Gobind Singh preached and practised Fatherhood of God and Brotherhood of All Manking. He condemned the religious and other types of bigotries in no uncertain terms as under:

"Even in error deem not the God of the Hindus, To be other than the God of Muslims; Worship the One God, Recognise the Enlightener; All men have the same human form, In all men blazes the same Divine Light." (Guru Gobind Singh, Akal Ustat)

The Guru preached universalism, oneness of the whole humanity, in place of regional patriotism, which is an idolatrous practice. He said:

" The Arabs of Arabia, The Frech of France, The Kureshis of Kandhar. All meditate on Thee. The Marathas and the Maghda people, The Dravidians and the Talinganians, Concentrate their minds on Thee. The Chinese and Manchurians, The Tibetans of Tibet, All contemplate on Thee." (Akal Ustat)

The Sikh Gurus teach that there is only One God, from Whom proceeds all life and all matter, and that He Himself is present everywhere and in every one. He is both Transcendent and Immanent at the same time. The Light of Transcendent Absolute God is instrumental in creation of the whole Universe. His Light is equally present in all, which is the source of Life for every one. All humans are equals and are the children of One Common Father. God creates the creatures, sustains them and looks after the needs of every one individually.

The Gurus repeatedly teach us that we humans come from the illimitable Ocean of God, the Source of all beings and perfections. He is Infinite beyond comprehension, His Knowledge is unfathomable and beyond description. Each of us, all of the creation, carry merely an insignificant part of a drop from this Ocean, because that is all our finite human nature will bear. That insignificant tiny drop of water contains the essence of that Vast Illimitable Ocean. It is therefore all humans have the insinct of infinitude, which cannot be satiated by any amount of material things and wealth. All types of matter has its limited properties. This instinct of infinitude makes the humans restless, till they find union with their Source, the Vast Illimitable Ocean. No school of any religious thought will ever satisfy the true seeker of the Infinite Spirit of God, which reduces the Infinity of God to any form of idol worship. Any type of material approach for this union will surely bring about utter disappointment. Love of country, nation, state, race, family, caste, clan, party, group, power; hero worship, flattery of those in power, and many other such things, are idolatrous practices, which separates us from God, and create prejudices.

God demands an undivided loyalty from us. "Worship of gods and goddesses in any form is an idolatrous practice, and is the basis of illusion and self-alienation. The Samiritis and the Shastras (Hindu Religious Books) is the creation of this illusion." (Guru Amar Das, Rag Majh). No Hindu school of thought is free from the idolatrous practices. Unfortunately, after Guru Gobind Singh, the Sikhs became the power seekers and made Sikhism as another Idolatrous Faith. This is the malady the Sikhs are facing today and now find themselves in deep waters. By adopt-

*From : Guru Gobind Singh and Khalsa Discipline

ing the idolatrous practices Infinity of the Supreme Spirit of God is reduced to the material idols, which is the handi-work of a person. Observance of casteism, thereby acknowledging the supremacy of the Brahmins, the inheritory priestly class, is a form of idolatrous practice. This creates prejudices, group conflicts and hatred against the people of the outgroup conflicts and hatred against the people of the out-groups. History shows that no other moral evil has had such a degrading influence on men than this caste system. It is the most heinous sin. There can be no nearness to God or humanity left in man, where such practices are prevalent. Hindu society is caste ridden. They do not treat their co-religious people called the Shudras, as equal Hindus, how could they treat people of other denominations as their equals! The Sikhs should learn a lesson from their past and present history and try to understand the sublime Teachings of the Gurus in proper perspective to set their house in order by removing all types of idolatrous practices. The Gurus recognised no distinctions between man and man on any account, class, caste, country, nation, colour, creed, race, and so on, being the children of One Common Father. In Asa di Var, Guru Nanak teaches us, This planet is a very small hut where in the True One lives." **-eh jag sachai ki hai kothri, sachai ka vich vas.** Sikhism does not accept the Incarnation theory of Hindus, that God embodied Himself as Krishna and other persons. God is extremely Infinite Spirit and His Light pervades everywhere in the Universe. He does not take birth or dies. It is a sin to call any one as God incarnate. Guru Gobind Singh has given to Khalsa the symbols of Sword and Iron Bangle to repudiate theory of incarnation of God. The Guru stated that who would call him as God incarnate, they would go to the pit of hell. He was only the servant of God and had come to world to see World Drama. In Akal Ustat, the Guru has beautifully described the Indinity of God and Oneness of the whole humanity. The Guru states:

"God is in water, God is in the dry land. God is in the heart, God is in forests, God is in the mountains, God is in the caves, God is in the earth, God is in heaven, God is here, God is there. God is in space God is in time, God is invisible, God is without a garb, God is without sin, God is without enmity, God is deathless, God is uncherished, God is impenetrable, God is invulnerable, God is not moved by charms or spells; God has his Light, He cannot be moved by incantations. God is without caste, God is without lineage, God is without friends, He has no mother, He feels no sufferings. He is without doubt and has no 'karma'. He is invincible and is indissoluble. He cannot be punished, He is radiant, He is Transcendent and is inscrutable.... Thou art in water, Thou art in dry lands, Thou art in rivers, Thou art in seas. Thou art in trees and in leaves. Thou art in the earth and also in the firmament. Thy Name is repeated again and again, Thy Name is fixed in man's heart. Thou art space Thou art time, Thou art the occupant, Thou art the place, Thou art unborn, Thou art fearless, Thou art impalpable, Thou art indestructible, Thou art continence, Thou art fasting, Thou art deliverance, Thou art wisdom. Thou alone art, Thou alone art, Thou alone art, Thou alone art, Thou alone art, Thou alone art, Thou alone art, Thou alone art".

About oneness of Mankind the Guru says:

"One man by shaving his head is accepted as a Sanyasi, another as a yogi or a Brahmachari, a third as jati. Some men are Hindus and others Musalmans; among the latter are Rafazis, Imams and Shafais-know all men are of the same caste. 'Kerta' (Creator) and Karim (Mercifrul) are the same; let no man even by mistake suppose there is a difference. Worship of one God Who is the One Divine Guru for all; know that His form is one,

and that He is the One Light diffused in all. The temple and mosque, the Hindu worship and Musalman prayer are His creations. All men are the same, it is through error they appear different. Deities, demons, Yakshas, heavenly singers, Musalmans and Hindus adopt the customary dress of their different countries. All men have the same eyes, the same ears, the same body, the same build, a compound of earth, air, fire and water. Allah and Abekh are the same, the Purans and the Quran are His creations, it is the One God Who created all."

The Gurus not only preached Oneness of the Creator and Oneness of Mankind, but also put this belief into practice, notwithstanding numerous sacrifices they had to give for the Cause. On March 29, 1699, a day before Guru Gobind Singh introduced the Baptism of the Double-Edged Sword, the Guru gave a big feast to the people who had assembled at Anandpur. Hindus call such a feast as the great "yag". Anandpur was then a part of the Hindu kingdom. Among Hindus all religious ceremonies are performed by the Brahmins (the inheritory priestly class) alone. On the occasion of such feasts Brahmins hold significant place and have precedence over all other people. The Guru had a number of Brahmin poets among others in his employment. Some of these Brahmin poets had been receiving a privileged place from the Hindu hill rajas. They were of the view that the Guru would also similarly honour them. Little did these Brahmins know that the Guru was not only preaching Equality of All. but practising it as well. The Guru treated all alike. The Brahmins thereupon got irritated and infuriated. They made repugnant remarks against the low caste people abhorring them as worthless creatures, who had been treated alike with them. The Guru then told the Brahmins that it was through these low caste people he had achieved victories on the battlefield, knowledge and the status. His suffering and travails were mitigated by the grace of these people alone. He finally said: "My Spiritual Dignity and Status is wholly due to these people; otherwise there are the countless millions of worthless men like me in the world."

We believe that the Gurus' Teachings of Universality can only establish peace in the contemporary war torn world. But the misguided Sikhs will not allow this to happen. The Sikhs of all shades of political views vie with each other to paint the Gurus as the greatest nationalists, fought for establishment of Hindu rule with extreme hatred for Muslims as foreigners in India. This flattery has not cracked the hard nut of the Hindus, who are after doing away with the Sikhs and Sikhism.


## ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚੋਂ 50 ਸ਼ਬਦਾਂ ਦੀਆਂ ਪ੍ਰੋ: ਤਾਰਾ ਸਿੰਘ ਜੀ ਦੀਆਂ ਵੱਖ-ਵੱਖ ਰਾਗਾਂ ਵਿਚ ਰਚੀਆਂ ਨਿਵਕੇਲੀਆਂ ਸੁਰ ਲਿਪੀਆਂ। ਇਹ ਪੁਸਤਕ ਕੀਰਤਨੀਆਂ ਅਤੇ ਸੰਗੀਤ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਸਾਬਤ ਹੋਵੇਗੀ।

**ਸੰਪਾਦਕ:** ਸ੍ਰੀਮਤੀ ਸੁਰਜੀਤ ਕੌਰ ਸੁਪਤਨੀ ਪ੍ਰੋ: ਤਾਰਾ ਸਿੰਘ। ਡਾ. ਗੁਰਨਾਮ ਸਿੰਘ ਪੰਜਾਬੀ ਯੂਨੀ: ਪਟਿਆਲਾ

ਪ੍ਰਕਾਸ਼ਕ : ਅੰਮ੍ਰਿਤ ਕੀਤਰਨ ਟ੍ਰਸਟ, 422, ਸੈਕਟਰ 15-ਏ, ਚੰਡੀਗੜ੍ਹ- 160 015

# ਨਾਮ ਦਾਨ ਇਸ਼ਨਾਨ

ਪ੍ਰੋ. ਬਲਵਿੰਦਰ ਸਿੰਘ

ਨਾਮ ਦਾਨ ਅਤੇ ਇਸ਼ਨਾਨ, ਗੁਰਬਾਣੀ ਵਿੱਚ ਵੱਖ ਵੱਖ ਥਾਂਵਾਂ ਤੇ ਵੱਖ ਵੱਖ ਸੰਦਰਭਾਂ, ਭਾਵਾਂ ਤੇ ਭਾਵਨਾਵਾਂ ਨਾਲ ਬਿਆਨੇ ਗਏ ਹਨ। ਪਰ ਨਾਮ ਦਾਨ ਇਸ਼ਨਾਨ ਬਹੁਤ ਵਾਰੀ ਨਾਲ ਨਾਲ ਤੇ ਇਕੱਠੇ ਵੀ ਵਰਤੇ ਗਏ। ਇਸ ਪ੍ਰਕਾਰ ਇਨ੍ਹਾਂ ਤਿੰਨਾਂ ਦਾ ਨਿੱਜੀ ਮਤਲਬ ਨਾ ਹੋ ਕੇ ਇਹ ਤਿੰਨੇ ਰਲ ਇੱਕ ਖ਼ੂਬਸੂਰਤ ਸਿਧਾਂਤ ਦੀ ਵਿਆਖਿਆ ਕਰਦੇ ਹਨ।

ਨਾਮ ਸੰਬੰਧੀ ਅਸੀਂ ਕੁਝ ਕੁ ਪੱਖਾਂ ਤੋਂ ਵਿਚਾਰ ਕੀਤਾ ਹੈ। ਇੱਥੇ ਨਾਮ ਦਾ ਭਾਵ ਅਕਾਲ ਪੁਰਖ ਅਤੇ ਕੇਵਲ ਇੱਕ ਅਕਾਲ ਪੁਰਖ ਹੈ। ਉਸ ਦੇ ਅਣਗਿਣਤ ਨਾਮ ਹਨ। ਜਿਨ੍ਹਾਂ ਨੂੰ ਬਿਆਨਿਆਂ ਨਹੀਂ ਜਾ ਸਕਦਾ। ਜਦੋ ਨਾਮ ਦਾਨ ਇਸ਼ਨਾਨ ਇਕੱਠੇ ਆਉਂਦੇ ਹਨ ਤਾਂ ਨਾਮ ਦੇ ਸਬੰਧ ਵਿਚ ਸਮਝਣ ਵਾਲੀ ਗੱਲ ਇਹ ਹੈ ਕਿ ਮਨੁੱਖ ਦਾ ਵਾਹਿਗੁਰੂ ਨਾਲ ਕੀ ਸਬੰਧ ਹੈ। ਇਸ ਗੱਲ ਨੂੰ ਸਦਾ ਚੇਤੇ ਰੱਖਣਾ ਹੈ ਕਿ ਮਨੁੱਖ ਉਸ ਦੇ ਹੁਕਮ, ਮਿਹਰ, ਕ੍ਰਿਪਾ, ਨਦਰ, ਕਰਮ, ਮਰਜ਼ੀ ਅਤੇ ਰਜ਼ਾ ਨਾਲ ਇਸ ਸੰਸਾਰ ਵਿਚ ਆਇਆ ਹੈ। ਮਨੁੱਖ ਦਾ ਆਉਣਾ ਤਾਂ ਹੀ ਸਫਲ ਹੋਇਆ ਗਿਣਿਆ ਜਾਏਗਾ ਜੇ ਉਹ ਆਪਣੇ ਸਿਰਜਣਹਾਰ ਰਚੇਤਾ ਤੇ ਮੁੱਢ ਨੂੰ ਸਮਝੇ। ਮੁੱਢ ਨੂੰ ਜਾਣੇ ਬਿਨਾ ਗੱਲ ਨਹੀ ਬਣੇਗੀ। ਮਨੁੱਖ ਜਨਮ ਲੈ, ਖਾ ਪੀ ਵੱਡਾ ਹੋ, ਜੰਜਾਲ ਵਿਚ ਪਿਆ ਨਿਕੰਮੀ ਘਾਲ ਘਾਲਦਾ, ਜਫਰ ਜਾਲਦਾ ਇਸ ਦੁਨੀਆਂ ਤੋਂ ਚਲਾ ਜਾਏਗਾ। ਇੱਥੇ ਨਾਮ ਦਾ ਭਾਵ ਇਹ ਹੈ ਕਿ ਮਨੁੱਖ ਦਾ ਆਪਣੇ ਸਿਰਜਣਹਾਰ ਨਾਲ ਕੀ ਸੰਬੰਧ ਹੈ। ਜਿਨ੍ਹਾਂ ਨੇ ਇਸ ਗੱਲ ਨੂੰ ਸਮਝ ਕੇ ਤੇ ਜਾਣ ਲਿਆ ਹੈ, ਉਨ੍ਹਾਂ ਦਾ ਆਉਣਾ ਜੱਗ ਤੇ ਪ੍ਰਵਾਨ ਹੈ। ਇਸ ਜੱਗ ਤੇ ਆਇਆ ਮਨੁੱਖ ਹੋਰ ਸਾਰੇ ਕਾਰਜ ਤਾਂ ਕਰੇ ਪਰ ਉਸ ਨੇ ਇਹ ਗੱਲ ਭਲੀ ਪ੍ਰਕਾਰ ਸਮਝਣੀ ਹੈ ਕਿ ਉਹ ਹਰ ਤਰ੍ਹਾਂ ਨਾਮ ਦੇ ਨਾਲ ਸਬੰਧਿਤ ਹੈ। ਨਾਮ ਬਿਨਾਂ ਕੀਤੇ ਗਏ ਜਿਤਨੇ ਵੀ ਕਾਰ ਵਿਹਾਰ ਹਨ ਉਹ ਬਿਰਥੇ ਹਨ। ਨਾਮ ਨੂੰ ਸਮਝੇ ਬਿਨਾਂ ਕੀਤੇ ਗਏ ਸਾਰੇ ਸ਼ਿੰਗਾਰ ਇਸ ਤਰ੍ਹਾਂ ਹਨ ਜਿਸ ਤਰ੍ਹਾਂ ਕੋਈ ਬੰਦਾ ਕਿਸੇ ਲੋਥ ਨੂੰ ਸ਼ਿੰਗਾਰ ਤੇ ਸਵਾਰ ਰਿਹਾ ਹੋਵੇ।

ਨਾਮ ਦੇ ਨਾਲ ਦਾਨ ਦਾ ਜ਼ਿਕਰ ਦਰਸਾਉਂਦਾ ਹੈ ਕਿ ਮਨੁੱਖ ਦਾ ਉਸ ਦੇ ਆਲੇ ਦੁਆਲੇ ਨਾਲ ਕੀ ਸਬੰਧ ਹੈ। ਬੇਸ਼ਕ ਦੁਨੀਆਂ ਬਹੁਤ ਵੱਡੀ ਹੈ। ਪਰ ਅਸੀਂ ਆਪਣੇ ਪਰਿਵਾਰ, ਕਾਰਜ ਖੇਤਰ, ਕਾਰਜ ਸੱਥਲੀ, ਰਿਸ਼ਤੇਦਾਰਾਂ, ਮਿੱਤਰਾਂ ਤੇ ਸਹਿਯੋਗੀਆਂ ਵਿਚ ਵਿਚਰਦੇ ਹਾਂ। ਉਹ ਇੱਕ ਵਿਸ਼ੇਸ਼ ਦਾਇਰਾ ਹੈ। ਜੱਗ ਦਾ ਪਾਸਾਰਾ ਬਥੇਰਾ ਹੈ। ਪਰ ਹਰ ਇੱਕ ਮਨੁੱਖ ਦਾ ਆਪਣਾ ਇੱਕ ਘੇਰਾ ਹੈ। ਦੇਖਣਾ ਇਹ ਹੈ ਕਿ ਉਹ ਇਸ ਘੇਰੇ ਵਿਚ ਘਿਰਿਆ ਹੋਇਆ, ਘਿਰ ਘਿਰ ਅਤੇ ਗਿਰ ਗਿਰ ਤਾਂ ਨਹੀਂ ਪੈਂਦਾ। ਜੇ ਉਸ ਦੀ ਪਰਵਿਰਤੀ ਦਾਨੀ ਵਾਲੀ ਬਣ ਜਾਏ ਤਾਂ ਉਹ ਲੁੱਟ ਖਸੁੱਟ ਤੇ ਖੋਹਣ ਖਾਣ ਦੀ ਪਰਵਿਰਤੀ ਤੋਂ ਉੱਤੇ ਉੱਠ ਕੇ ਦਾਨ ਦੇਣ ਦੀ ਵੀ ਸੋਚੇਗਾ। ਸ਼ਬਦ ਦਾਨ ਦੇ ਆਉਣ ਨਾਲ ਸਾਨੂੰ ਚੰਦ ਟੱਕਿਆਂ ਦੇ ਦਾਨ ਤੇ ਹੀ ਸੀਮਤ ਨਹੀਂ ਹੋ ਜਾਣਾ ਚਾਹੀਦਾ। ਦਾਨ ਦਾ ਵਿਸਤਰਿੱਤ ਭਾਵ ਹੈ ਕਿ ਅਸੀਂ ਜਿੰਨ੍ਹਾਂ ਵਿਚ ਵਿਚਰਦੇ ਹਾਂ ਉਨ੍ਹਾਂ ਨੂੰ ਕੀ ਦਿੰਦੇ ਹਾਂ? ਉਨ੍ਹਾਂ ਨਾਲ ਸਾਡਾ ਵਿਹਾਰ ਸੁਖਾਂਵਾਂ ਹੈ? ਮਿੱਠ ਬੋਲੇ ਦੂਜਿਆਂ ਵਿਚ ਰੱਚ ਮਿੱਚ ਜਾਣ ਵਾਲੇ, ਸਮਿੱਚ ਜਾਣ ਵਾਲੇ, ਦੂਜਿਆਂ ਦੇ ਕੰਮ ਆਉਣ ਵਾਲੇ, ਸੁੱਖਦਾਈ ਪੁਰਖ, ਦਾਨੀ ਹਨ। ਅਤੇ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਦਾਨ ਦੀ ਸਹੀ ਮਹੱਤਤਾ ਦਾ ਗਿਆਨ ਹੋ ਗਿਆ ਹੈ। ਆਪਣੇ ਆਲੇ ਦੁਆਲੇ ਦਾ ਆਦਾਨ ਪ੍ਰਦਾਨ ਉਦੋਂ ਦਾਨ ਬਣ ਜਾਏਗਾ ਜਦੋਂ ਸਭੈ ਘਟਿ ਰਾਮ ਬੋਲੇ ਦੀ ਅਵੱਸਥਾ ਬਣੇਗੀ।

ਇਸੇ ਪ੍ਰਕਾਰ ਵੀ ਇਸ਼ਨਾਨ ਦਾ ਭਾਵ ਹੈ ਮਨੁੱਖ ਦਾ ਆਪਣੇ ਆਪ ਨਾਲ ਸਬੰਧ। ਆਤਮ ਚੀਨਣਾ। ਆਪਣੇ ਆਪ ਨੂੰ ਪਹਿਚਾਨਣਾ। ਆਪਣੇ ਆਪ ਨੂੰ ਸੁਆਰਨਾ। ਆਪਾ ਸੁਆਰਨ ਨਾਲ ਮਨ ਉੱਤੋਂ ਮੈਲ ਭਾਵ ਹਉਮੈ ਦਾ ਪਰਦਾ ਹਟ ਜਾਏਗਾ। ਅਤੇ ਅਸਲੀਅਤ ਵਿਚ ਜੋ ਹੈ ਉਸ ਦਾ ਪਤਾ ਲੱਗੇਗਾ। ਇਸ ਤਰ੍ਹਾਂ ਹਉਮੈ ਦਾ ਕੰਡਾ ਨਿਕਲਣ ਤੇ ਸੁੱਖ ਮਿਲਦਾ ਹੈ। ਸ਼ੇਖ ਫਰੀਦ ਜੀ ਫਰਮਾਉਂਦੇ ਹਨ ਕਿ ਐਹ ਮੇਰੇ ਮਨ ਜੇ ਤੂੰ ਆਪਣੇ ਆਪ ਨੂੰ ਪਹਿਚਾਣ ਕੇ ਸੁਆਰ ਲਏਂ ਤਾਂ ਇਸ ਜੱਗ ਵਿਚ ਤੇਰਾ ਕਿਆਮ ਵੀ ਮੁੱਖ ਦਾਈ ਹੋ ਜਾਏਗਾ। ਅਤੇ ਤੈਨੂੰ ਵਾਹਿਗੁਰੂ ਦੀ ਪ੍ਰਾਪਤੀ ਹੋ ਜਾਏਗੀ।

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥

ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥

ਆਪਾ ਚੀਨਣ ਨਾਲ ਭਰਮ ਦੀ ਕਾਈ ਉਤਰ ਜਾਂਦੀ ਹੈ। ਅਤੇ ਅਸਲਾ ਇਸ ਤਰ੍ਹਾਂ ਸਾਫ ਸਾਫ ਦਿੱਸ ਪੈਂਦਾ ਹੈ ਕਿ ਸੱਚ ਨਜ਼ਰੀ ਆਉਂਦਾ ਹੈ ਅਤੇ ਆਤਮ ਪ੍ਰਕਾਸ਼ ਹੋ ਜਾਂਦਾ ਹੈ। ਇਸ ਪ੍ਰਕਾਰ ਆਪਣੇ ਆਪ ਨੂੰ ਚੀਨਣਾ ਜਾਂ ਪਹਿਚਾਣਨਾ ਪਵਿੱਤਰ ਇਸ਼ਨਾਨ ਦੇ ਸਮਾਨ ਹੈ। ਜਿਸ ਤਰ੍ਹਾਂ ਇਸ਼ਨਾਨ ਨਾਲ ਸਰੀਰ ਦੀ ਮੈਲ ਲਹਿੰਦੀ ਹੈ। ਇਸੇ ਤਰ੍ਹਾਂ ਆਪ ਸੁਆਰਨਾ ਜਾਂ ਪਹਿਚਾਨਣਾ ਆਤਮਿਕ ਇਸ਼ਨਾਨ ਹੈ।

ਗੁਰਮਤਿ ਦਾ ਇਹ ਅਤੀ ਖ਼ੂਬਸੂਰਤ ਤੇ ਨਿਵੇਕਲਾ ਸਿਧਾਂਤ ਹੈ ਕਿ ਮਨੁੱਖ ਵਾਹਿਗੁਰੂ ਨੂੰ ਪਹਿਚਾਨਣ ਲਈ ਆਪਣੇ ਆਲੇ ਦੁਆਲੇ ਨਾਲ ਸਬੰਧਤ ਰਹਿੰਦਿਆਂ ਹੋਇਆਂ ਆਪਣੇ ਮਨ ਨੂੰ ਖੋਜੇ। ਇਹੀ ਨਾਮ ਦਾਨ ਇਸ਼ਨਾਨ ਹੈ। ਇਸ ਨਾਲ ਪ੍ਰਾਣੀ ਇਸ ਦੁਨੀਆਂ ਤੋਂ ਉੱਜਲ ਮੁੱਖ ਰਹਿ ਕੇ ਸਭਨਾਂ ਦਾ ਪਿਆਰਾ ਬਣ ਵਾਹਿਗੁਰੂ ਦੇ ਹਜ਼ੂਰ ਪੁੱਜਦਾ ਹੈ

ਗੁਰ ਪਰਸਾਦੀ ਮੁਖੁ ਉਜਲਾ ਜਪਿ ਨਾਮੁ ਦਾਨੁ ਇਸਨਾਨ॥
ਸਿਰੀ ਰਾਗ ਮਹਲਾ ਪੰਜਵਾ

# ਸ਼ਰੋਮਣੀ ਸੰਗੀਤਕਾਰ ਮਹੰਤ ਗੱਜਾ ਸਿੰਘ ਜੀ (ਤਊਸ ਨਵਾਜ਼)

ਡਾ. ਮਿਸ ਮਨਮਿੰਦਰ ਕੌਰ

ਉਚ ਕੋਟੀ ਦੇ ਸੰਗੀਤ ਵਿਦਵਾਨ ਮਹੰਤ ਗੱਜਾ ਸਿੰਘ ਜੀ, ਸੰਗੀਤ ਦੀ ਦੁਨੀਆਂ ਦੀ ਸਤਿਕਾਰ ਯੋਗ ਹਸਤੀ ਸਨ। ਸ਼ਾਸਤ੍ਰੀ ਸੰਗੀਤ ਤੋਂ ਇਲਾਵਾ ਉਹ ਗੁਰਮਤਿ ਸੰਗੀਤ ਸਿਧਾਂਤਾਂ ਨੂੰ ਵਿਸ਼ਲੇਸ਼ਿਤ ਕਰਨ ਵਿੱਚ ਵਿਲੱਖਣ ਸੂਝ ਰੱਖਦੇ ਸਨ। ਮਹੰਤ ਜੀ ਆਪਣੇ ਜੀਵਨ ਵਿੱਚ ਕਾਫੀ ਸਮਾਂ ਫਿਰੋਜ਼ਪੁਰ ਵਿੱਚ ਸਥਿਤ ਗੁਰਦੁਆਰਾ ਗੁਰੂ-ਸਰ ਸਥਾਨ ਦੇ ਮਹੰਤ ਵੀ ਰਹੇ। (ਇਹ ਗੁਰਦੁਆਰਾ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ 'ਮਹਿਰਾਜ ' ਦੀ ਹੱਦ ਵਿੱਚ ਸਥਿਤ ਹੈ) ਇੱਥੇ ਛੇਵੇਂ ਗੁਰੂ ਸਾਹਿਬ ਨੇ ਸ਼ਾਹੀ ਸੈਨਾ ਨਾਲ ਤੀਜੀ ਜੰਗ ਸਮੇਂ ਘੋਰ ਯੁੱਧ ਕੀਤਾ ਸੀ। ਉਸ ਸਮੇਂ ਇਸ ਸਥਾਨ ਤੇ ਇਕ ਤਾਲਾਬ ਹੁੰਦਾ ਸੀ ਉਸ ਦੇ ਕੰਢੇ ਗੁਰੂ ਸਾਹਿਬ ਨੇ ਆਪਣਾ ਤੰਬੂ ਲਾਇਆ ਸੀ। ਇਥੇ ਹੀ ਇੱਕ ਦਮਦਮਾਂ ਵੀ ਹੈ। ਇਸ ਸਥਾਨ ਤੇ ਗੁਰੂ ਸਾਹਿਬ ਨੇ ਸ਼ਹੀਦ ਹੋਏ ਫੌਜੀ ਸਰਦਾਰਾਂ ਦਾ ਸਸਕਾਰ ਕੀਤਾ ਸੀ। ਜਿਸ ਥਾਂ ਗੁਰੂ ਸਾਹਿਬ ਤੰਬੂ ਲਾ ਕੇ ਬਿਰਾਜੇ ਸਨ ਠੀਕ ਉਸੇ ਸਥਾਨ ਤੇ ਨਾਭੇ ਦੇ ਮਹਾਰਾਜਾ ਹੀਰਾ ਸਿੰਘ ਨੇ ਇਹ ਸੁੰਦਰ ਗੁਰਦੁਆਰਾ ਬਣਵਾਇਆ ਹੈ। ਇਹ ਸਥਾਨ ਗੁਰਦੁਆਰਾ ਗੁਰੂ ਸਰ ਦੇ ਨਾਮ ਨਾਲ ਪ੍ਰਸਿੱਧ ਹੈ। ਆਪਣੇ ਜੀਵਨ ਦਾ ਵਧੇਰੇ ਸਮਾਂ ਮਹੰਤ ਜੀ ਨੇ ਇੱਥੇ ਗੁਰੂ ਘਰ ਵਿੱਚ ਕੀਰਤਨ ਦੀ ਸੇਵਾ ਕੀਤੀ। ਮਹੰਤ ਗੱਜਾ ਸਿੰਘ ਜੀ ਦੇ ਜਨਮ ਅਤੇ ਅੰਤ ਸਮੇਂ ਦੀਆਂ ਸਹੀ ਤਾਰੀਖਾਂ ਦਾ ਵਰਨਣ ਕਿਧਰੋਂ ਵੀ ਪ੍ਰਾਪਤ ਨਹੀਂ ਹੁੰਦਾ, ਪਰ ਫਿਰ ਵੀ ਜਦ ਅਸੀ ਮਹੰਤ ਜੀ ਦੇ ਸ਼ਿਸ਼ ਵਰਗ ਅਤੇ ਉਨ੍ਹਾਂ ਦੇ ਸਮੁਚੇ ਜੀਵਨ ਬਿਉਰੇ ਨੂੰ ਖੋਜਾਤਮਕ ਦ੍ਰਿਸ਼ਟੀ ਨਾਲ ਵੇਖੀਏ ਤਾਂ ਉਨ੍ਹਾਂ ਦੇ ਜਨਮ ਦਾ ਸਮਾਂ ਪਟਿਆਲਾ ਰਿਆਸਤ ਦੇ ਭੁਪਿੰਦਰ ਸਿੰਘ ਦੇ ਸਮੇਂ ਦੇ ਆਸ ਪਾਸ ਹੀ ਪਾਇਆ ਜਾਂਦਾ ਹੈ।

ਮਹੰਤ ਗੱਜਾ ਸਿੰਘ ਜੀ, ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ, ਪ੍ਰਸਿੱਧ ਵਿਦਵਾਨ ਭਾਈ ਵੀਰ ਸਿੰਘ ਜੀ, ਮਸ਼ਹੂਰ ਦਿਲਰੁਬਾ ਵਾਦਕ ਭਾਈ ਹਰਨਾਮ ਸਿੰਘ ਜੀ, ਭਾਈ ਮਸਤਾਨ ਸਿੰਘ ਜੀ ਅਤੇ ਇਕ ਹੋਰ ਉਚ ਕੋਟੀ ਦੇ ਵਿਦਵਾਨ ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਸੰਗੀਤ ਗੁਰੂ ਵੀ ਸਨ। ਇਸ ਦਾ ਵਰਨਣਨ ਸਾਨੂੰ, ਭਾਸ਼ਾ ਵਿਭਾਗ ਪੰਜਾਬ ਵਲੋਂ ਪ੍ਰਕਾਸ਼ਿਤ, ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਮਹਾਨ ਕੋਸ਼ ਦੇ ਆਰੰਭ ਵਿਚ ਦਿੱਤੇ ਉਨ੍ਹਾਂ ਦੇ ਜੀਵਨ ਬਿਓਰ ਵਿਚੋਂ ਪ੍ਰਾਪਤ ਹੁੰਦਾ ਹੈ। ਭਾਈ ਵੀਰ ਸਿੰਘ ਜੀ ਨੇ ਮਹੰਤ ਜੀ ਪਾਸੋ ਸੰਗੀਤ ਕਦੋ ਅਤੇ ਕਿਸ ਤਰ੍ਹਾਂ ਸਿੱਖਿਆਂ, ਇਸ ਦਾ ਵਰਣ ਵੀ ਭਾਈ ਵੀਰ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਪੁਸਤਕਾਂ ਵਿਚੋਂ ਪ੍ਰਾਪਤ ਹੁੰਦਾ ਹੈ। ਇਸ ਸਭ ਤੋਂ ਇਲਾਵਾ ਮਹੰਤ ਜੀ ਦੇ ਜੀਵਨ ਨਾਲ ਸੰਬੰਧਿਤ ਕੁਝ ਵਰਨਣ ਪਟਿਆਲਾ ਘਰਾਣੇ ਦੇ ਮਸ਼ਹੂਰ ਗਾਇਕ, ਬਾਕਰ ਹੁਸੈਨ ਖਾਂ ਸਾਹਿਬ ਜੀ ਤੋਂ ਸੰਨ 1981 ਵਿੱਚ ਪ੍ਰਾਪਤ ਹੋਇਆ ਸੀ ਅਤੇ ਕੁਝ ਵਰਨਣ ਸਿੱਖ ਇਤਿਹਾਸ ਦੀਆਂ ਹੋਰ ਪੁਸਤਕਾਂ ਘੋਖਣ ਤੇ ਵੀ ਮਿਲਿਆ ਹੈ।

ਗੱਜਾ ਸਿੰਘ ਜੀ ਨੇ ਸਭ ਤੋ ਪਹਿਲਾਂ ਵੀਣਾ ਵਾਦਨ ਦੀ ਪਰੰਪ੍ਰਾਗਤ ਸਿੱਖਿਆ, ਕਪੂਰਥਲਾ ਘਰਾਣੇ ਦੇ ਮਹਾਨ ਕਲਾਕਾਰ ਮੀਰ ਰਹਿਮਤ ਅਲੀ ਖ਼ਾਨ ਜੀ ਪਾਸੋਂ ਪ੍ਰਾਪਤ ਕੀਤੀ। ਇਸ ਤੋਂ ਬਾਦ ਆਪ ਨੇ ਤਾਊਸ ਦੀ ਸੰਪੂਰਨ ਸਿੱਖਿਆ ਪ੍ਰਾਪਤੀ ਲਈ ਵੀ ਬੜੀ ਗੰਭੀਰ ਮਿਹਨਤ ਅਤੇ ਸਾਧਨਾ ਕੀਤੀ ਅਤੇ ਕਈ ਉਸਤਾਦਾਂ ਕੋਲ ਗਏ। ਬਾਅਦ ਵਿੱਚ ਉਨ੍ਹਾਂ ਨੇ ਤਾਊਸ ਨੂੰ ਹੀ ਆਪਣਾ ਪ੍ਰਮੁੱਖ ਸਾਜ਼ ਬਣਾਇਆ ਜਿਸ ਨਾਲ ਉਨ੍ਹਾਂ ਨੇ ਸ਼ਾਸਤ੍ਰੀ ਸੰਗੀਤ ਅਤੇ ਗੁਰਮਤ ਸੰਗੀਤ ਵਿਚ ਵਿਸ਼ੇਸ਼ ਪ੍ਰਸਿੱਧੀ ਹਾਸਲ ਕੀਤੀ। ਮਹੰਤ ਜੀ ਸਿੱਖ ਰਾਗੀਆਂ ਵਿਚੋਂ ਸਭ ਤੋਂ ਮਹਾਨ ਅਤੇ ਅਦੁਤੀ ਰਾਗ ਵਿੱਦਿਆ ਦੇ ਪੰਡਿਤ ਮੰਨੇ ਗਏ ਹਨ। ਜਿਨ੍ਹਾਂ ਜਿਨ੍ਹਾਂ ਨੇ ਮਹੰਤ ਜੀ ਦਾ ਤਾਊਸ ਉੱਪਰ ਅਲਾਪ ਸੁਣਿਆ ਜਾਂ ਕਦੇ ਉਨ੍ਹਾਂ ਨੂੰ ਮਿਲੇ ਹਨ, ਉਹ ਉਨ੍ਹਾਂ ਦੀ ਵਿੱਦਿਆ ਪ੍ਰਤੀ, ਚਕਿਤ ਹੋ ਉਠੇ ਅਤੇ ਇਸ ਅਦੁਤੀ ਵਿੱਦਿਆ ਦਾ ਵਰਨਣ ਆਪਣੀਆ ਲਿਖਤਾਂ ਵਿੱਚ ਜ਼ਰੂਰ ਕੀਤਾ। ਕਿਉਂਕਿ ਉਨ੍ਹਾਂ ਦੀ ਤਾਊਸ ਦੀ ਸਿੱਖਿਆ ਹੀ ਚਕਿਤ ਕਰਣ ਯੋਗ ਸੀ। ਪਟਿਆਲੇ ਦੇ ਦਰਬਾਰ ਵਿਚੋਂ, ਮਹੰਤ ਜੀ ਨੂੰ ਆਪਣੇ ਜੀਵਨ ਵਿੱਚ ਵਿਸ਼ੇਸ਼ ਸਨਮਾਨ ਮਿਲਿਆ। ਮਹਾਰਾਜਾ ਭੁਪਿੰਦਰ ਸਿੰਘ ਅਜਿਹੀਆਂ ਕੋਮਲ ਕਲਾਵਾਂ ਦੇ ਸਰਪ੍ਰਸਤ ਸਨ। ਇਕ ਵਾਰੀ ਮਹਾਰਾਜਾ ਪਟਿਆਲਾ ਨੇ ਮਹੰਤ ਜੀ ਦੀ ਸੰਗੀਤ ਪ੍ਰਤੀ ਗੰਭੀਰਤਾ ਨੂੰ ਵੇਖਕੇ ਖ਼ੁਦ ਵੀ ਉਨ੍ਹਾਂ ਪਾਸੋ ਸੰਗੀਤ ਸਿੱਖਿਆ ਗ੍ਰਹਿਣ ਕਰਣ ਦੀ ਇੱਛਾ ਪ੍ਰਗਟ ਕੀਤੀ। ਮਹਾਰਾਜ ਦੀ ਅਜਿਹੀ ਇਛਾ ਨੂੰ ਵੇਖਦਿਆ ਹੋਇਆ ਗੱਜਾ ਸਿੰਘ ਜੀ ਨੇ ਉਨ੍ਹਾਂ ਨੂੰ ਆਪਣਾ ਸ਼ਾਗਿਰਦ ਬਣਾ ਲਿਆ ਅਤੇ ਸੰਗੀਤ ਸਿੱਖਿਆ ਦੇਣੀ ਆਰੰਭ ਕਰ ਦਿੱਤੀ। ਭਾਵੇਂ ਮਹਾਰਾਜ ਰਾਜਨੀਤੀ ਵਿਚ ਰੁਝਿਆ ਹੋਣ ਕਾਰਣ ਇਸ ਵਿੱਦਿਆ ਲਈ ਪੂਰੀ ਮਿਹਨਤ ਨਾ ਕਰ ਸਕੇ ਅਤੇ ਸੰਪੂਰਣ ਕਲਾਕਾਰ ਨਾ ਬਣਾ ਸਕੇ। ਇਕ ਵਾਰੀ ਮਹੰਤ ਜੀ ਨੇ ਮਹਾਰਾਜਾ ਭੁਪਿੰਦਰ ਸਿੰਘ ਜੀ ਨੂੰ ਹੱਸ ਕੇ ਆਖਿਆ ਸੀ, ਕਿ ਸੰਗੀਤ ਬਹੁਤ ਹੀ ਕੋਮਲ ਕਲਾ ਹੈ। ਜਦ ਤੱਕ ਮਨ ਪੂਰੀ ਤਰ੍ਹਾਂ ਇਕਾਗਰ ਨਾ ਹੋਵੇ, ਕਲਾ ਦੀ ਆਤਮਾ ਤੱਕ ਪ੍ਰਵੇਸ਼ ਨਹੀਂ ਕੀਤਾ ਜਾ ਸਕਦਾ।

ਮਹਾਰਾਜਾ ਭੁਪਿੰਦਰ ਸਿੰਘ ਮਹੰਤ ਗੱਜਾ ਸਿੰਘ ਜੀ ਦੀ ਬਹੁਤ ਕਦਰ ਕਰਦੇ ਸਨ। ਉਹ ਚਾਂਹੁਦੇ ਸਨ ਕਿ ਮਹੰਤ ਜੀ ਉਨ੍ਹਾਂ ਤੋਂ ਕਦੇ ਦੂਰ ਨਾ ਰਹਿਣ। ਮਹੰਤ ਜੀ ਗੁਰਬਾਣੀ ਸੰਗੀਤ ਦੇ ਵੀ ਗਿਆਤਾ ਸਨ। 'ਗੁਰ ਸ਼ਬਦ ਮਹਾਨ ਕੋਸ਼' ਅਤੇ ਕਈ ਹੋਰ ਸਮਕਾਲੀਨ ਗ੍ਰੰਥਾਂ ਵਿਚ ਵੀ ਮਹੰਤ ਜੀ ਦੁਆਰਾ ਪ੍ਰਮਾਣਿਤ ਸਮਗ੍ਰੀ ਪ੍ਰਾਪਤ ਹੁੰਦੀ ਹੈ। ਪਦਮ ਸ੍ਰੀ ਸੋਹਣ ਸਿੰਘ ਜੀ ਨੇ ਆਪਣੇ ਇਕ ਲੇਖ ਵਿਚ ਲਿਖਿਆ ਹੈ ਕਿ "ਮਹੰਤ ਗੱਜਾ ਸਿੰਘ ਜੀ ਨੇ ਮਹਾਰਾਜਾ ਭੁਪਿੰਦਰ ਸਿੰਘ ਜੀ ਦੀ ਖਾਹਿਸ਼ ਮੁਤਾਬਕ, ਆਪਣੇ ਜੀਵਨ ਵਿੱਚ ਗੁਰਮਤ ਸੰਗੀਤ ਨਾਮਕ ਇਕ ਗ੍ਰੰਥ ਲਿਖਣਾ ਵੀ ਅਰੰਭ ਕੀਤਾ ਸੀ ਜੋ ਉਨ੍ਹਾਂ ਦੇ ਜੀਵਨ ਕਾਲ ਵਿਚ ਭਾਵੇ ਸੰਪੂਰਣ ਨਹੀ ਸੀ ਹੋ ਸਕਿਆ ਪਰ ਉਹ ਮਹਾਨ ਰਚਨਾ ਅਜੇ ਵੀ 'ਆਰਕਾਈਵਜ' ਅਜਾਇਬ ਘਰ ਵਿੱਚ ਪਈ ਹੈ। ਇਸ ਰਚਨਾ ਨੂੰ ਸੰਪੂਰਣ ਕਰਨ ਲਈ ਮਹਾਰਾਜਾ ਭੁਪਿੰਦਰ ਸਿੰਘ ਜੀ ਨੇ ਬਹੁਤ ਪੈਸਾ ਵੀ ਖਰਚ ਕੀਤਾ ਸੀ"।

ਮਹੰਤ ਜੀ ਸਿੱਖ ਰਾਗੀਆਂ ਵਿਚੋਂ, ਸ਼ਰੋਮਣੀ ਸੰਗੀਤਕਾਰ ਅਤੇ ਪੂਜਨੀਕ ਮੰਨੇ ਗਏ ਹਨ। ਉਹ ਭਾਈ ਵੀਰ ਸਿੰਘ ਜੀ ਦੇ ਪਿਤਾ ਡਾ. ਚਰਨ ਸਿੰਘ ਜੀ ਦੇ ਗੂੜ੍ਹੇ ਮਿੱਤਰ ਸਨ। ਡਾ. ਚਰਨ ਸਿੰਘ ਜੀ ਨੇ ਵੀ ਆਪਣੇ ਜੀਵਨ ਵਿੱਚ ਗੁਰਮਤਿ ਸੰਗੀਤ ਦੀ ਬਹੁਤ ਖੋਜ ਕੀਤੀ

ਹੈ। ਡਾ. ਚਰਨ ਸਿੰਘ ਜੀ ਨੇ ਮਹੰਤ ਜੀ ਦੀ ਵਾਦਨ ਸੰਗੀਤ ਅਤੇ ਗੁਰਮਤ ਸੰਗੀਤ ਵਿੱਚ ਪਰਪਕੱਤਾ ਨੂੰ ਵੇਖਦੇ ਹੋਏ ਆਪਣੇ ਪੁੱਤਰ ਭਾਈ ਵੀਰ ਸਿੰਘ ਜੀ ਨੂੰ ਮਹੰਤ ਜੀ ਦਾ ਸ਼ਗਿਰਦ ਬਣ ਦਿੱਤਾ। ਭਾਈ ਵੀਰ ਸਿੰਘ ਜੀ ਨੇ ਆਪਣੀ ਇਕ ਲਿਖਤ ਵਿਚ ਲਿਖਿਆ ਹੈ ਕਿ ਮਹੰਤ ਜੀ ਨੇ ਜਦ ਭਾਈ ਵੀਰ ਸਿੰਘ ਜੀ ਨੂੰ ਪਹਿਲੀ ਵਾਰ ਸੰਗੀਤ ਸਿੱਖਿਆ ਦੇਣੀ ਆਰੰਭ ਕੀਤਾ ਤਾਂ ਉਨ੍ਹਾਂ ਨੂੰ ਮਹੰਤ ਜੀ ਨੇ ਪਹਿਲਾ ਰਾਗ ਭੈਰਵੀ ਸਿਖਾਇਆ ਅਤੇ ਆਖਿਆ ਜੇ ਤੂੰ ਸਭ ਤੋਂ ਪਹਿਲਾ 6 ਮਹੀਨੇ ਸਿਰਫ ਇਸੇ ਰਾਗ ਦਾ ਅਭਿਆਸ ਕਰ ਲਵੇਂਗਾ ਤਾਂ ਕਈ ਰਾਗ ਜਲਦੀ ਹੀ ਤੇ ਅਧਿਐਨ ਵਿਚ ਸਿੱਧ ਹੋ ਜਾਣਗੇ। ਮਹੰਤ ਜੀ ਨੇ ਕਦੇ ਵੀ ਆਪਣੇ ਗੁਣ ਤੇ ਘਮੰਡ ਨਹੀਂ ਕੀਤਾ ਸੀ। ਬਲਕਿ ਦੂਸਰੇ ਗੁਣੀ ਪੁਰਖਾਂ ਦੀ ਉਹ ਕਦਰ ਕਰਦੇ ਸਨ।

ਮਹੰਤ ਜੀ ਨੇ ਸ਼ਾਸਤ੍ਰੀ ਵਾਦਨ ਸੰਗੀਤ ਅਤੇ ਗੁਰਮਤਿ ਸੰਗੀਤ ਦੋਹਾਂ ਪੱਖਾਂ ਵਿਚ ਚੰਗਾਂ ਨਾਮ ਖੱਟਿਆ। ਉਨ੍ਹਾਂ ਨੂੰ ਇਕ ਉਚ ਕੋਟੀ ਦੇ ਤਾਊਸ ਕਾਰ ਵਜੋਂ ਵੀ ਜਾਣਿਆ ਜਾਂਦਾ ਹੈ।

## "ਸੰਗੀਤ ਦਾ ਸਭਾਵ ਅਤੇ ਸੰਗੀਤ ਸਿਖਿਆ ਦੀਆਂ ਸਮਸਿਆਵਾਂ"

**ਡਾ. ਮਿਸ ਮਨਵਿੰਦਰ ਕੌਰ**

ਅਜੋਕੇ ਯੁੱਗ ਵਿੱਚ ਮਨੁੱਖ ਆਧੁਨਿਕ ਵਸੀਲਿਆਂ ਦੀ ਖੋਜ ਵਿਚ ਨਿਰੰਤਰ ਰੁਝਿਆ ਹੋਇਆ ਹੈ, ਪਰ ਫਿਰ ਵੀ ਸੰਗੀਤ ਦੇ ਖੇਤਰ ਵਿੱਚ ਉਸ ਦੀ ਰੁਚੀ ਘਟੀ ਨਹੀਂ। ਅਜ ਦੇ ਵਿਗਿਆਨਕ ਯੁੱਗ ਵਿੱਚ ਭਾਵੇਂ ਮਨੁੱਖ ਕੋਲ ਵਧੇਰੇ ਸਮਾਂ ਨਹੀਂ, ਪਰ ਫਿਰ ਵੀ ਉਹ ਸੰਗੀਤ ਵਲ ਵਿਸ਼ੇਸ਼ ਤੌਰ ਤੇ ਆਕ੍ਰਸ਼ਿਤ ਹੈ। ਸੰਗੀਤ ਦਾ ਬਹੁਤ ਪ੍ਰਚਾਰ ਪਸਾਰ ਹੋ ਚੁਕਿਆ ਹੈ, ਸੰਗੀਤ ਨੂੰ ਵਿਦਿਆਲਿਆਂ, ਵਿਸ਼ਵ ਵਿਦਿਆਲਿਆਂ ਵਿੱਚ ਵਿਸ਼ੇ ਵਜੋ ਸਥਾਨ ਪ੍ਰਾਪਤ ਹੋ ਚੁਕਿਆ ਹੈ। ਸੰਗੀਤ ਪ੍ਰੇਮੀ ਸਰੋਤਿਆ ਦੀ ਸੰਖਿਆ ਵਿੱਚ ਵੀ ਬਹੁਤ ਵਾਧਾ ਹੋਇਆ ਹੈ।

ਧੁਨੀ ਸੰਗੀਤ ਦਾ ਆਧਾਰ ਹੈ। ਧੁਨੀ ਨੂੰ ਪ੍ਰਾਚੀਨ ਸਾਹਿਤ ਅਚਾਰੀਆਂ ਨੇ ਵੀ ਅਲੌਕਿਕ ਆਨੰਦ ਪ੍ਰਦਾਨ ਕਰਨ ਵਾਲੀ ਅਤੇ ਕਾਵਿ ਦੀ ਆਤਮਾ ਮੰਨਿਆਂ ਹੈ। ਪੰਜਾਂ ਲਲਿਤ ਕਲਾਵਾਂ ਵਿਚੋਂ ਸੰਗੀਤ ਜਿਹੀ ਸੁਹਜਆਤਮਕ ਅਤੇ ਸ਼ਕਤੀਸ਼ਾਲੀ ਕਲਾ ਹੋਰ ਨਹੀਂ ਲੱਭਦੀ। ਸੰਗੀਤ ਦਾ ਸੰਬੰਧ ਆਤਮਾ ਨਾਲ ਹੈ। ਸੰਗੀਤ ਮਨੁੱਖ ਨੂੰ ਅਕਹਿ ਆਨੰਦ ਪ੍ਰਦਾਨ ਕਰਦਾ ਹੈ। ਜਦੋਂ ਮਨੁੱਖ ਸੰਗੀਤ ਦੇ ਰਸ ਸਰੋਵਰ ਵਿੱਚ ਤਾਰੀਆਂ ਲਾਉਂਦਾ ਹੈ ਤਾਂ ਉਦੋਂ ਸਾਰੇ ਤਰਕ-ਵਿਤਰਕ ਹਰਖ-ਸੋਗ ਅਤੇ ਦੁੱਖ ਚਿੰਤਾਵਾਂ ਲਾਂਭੇ ਹੋ ਜਾਂਦੀਆਂ ਹਨ। ਭਾਵੇਂ ਕੋਈ ਵਿਅਕਤੀ ਕਿਤਨਾ ਵੀ ਪਰੇਸ਼ਾਨ ਜਾਂ ਰੁਝੇਵਿਆਂ ਵਿੱਚ ਰੁੱਝਿਆ ਹੋਇਆ ਕਿਉਂ ਨਾ ਹੋਵੇ, ਸੰਗੀਤ ਉਸ ਨੂੰ ਅਜਿਹੀ ਗਲਵਕੜੀ ਵਿੱਚ ਕੱਸ ਲੈਂਦਾ ਹੈ ਕਿ ਪਲ ਦੋ ਪਲ ਉਸ ਨੂੰ ਆਪਣੇ ਆਲੇ ਦੁਆਲੇ ਦੀ ਸੋਝੀ ਨਹੀਂ ਰਹਿੰਦੀ ਅਤੇ ਉਹ ਅਲੋਕਿਕ ਆਨੰਦ ਵਿੱਚ ਭਿੱਜ ਜਾਂਦਾ ਹੈ। ਅਜਿਹੇ ਆਨੰਦ ਨੂੰ ਸ਼ਬਦਾਂ ਦੁਆਰਾ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਆਨੰਦ ਨੂੰ ਸੰਗੀਤ ਸ਼ਾਸਤ੍ਰੀਆਂ ਨੇ ਸੌਦ੍ਰਯ ਅਤੇ ਅੰਗ੍ਰੇਜ਼ੀ ਵਿਚ aesthetic ਦੇ ਨਾਮ ਨਾਲ ਸੰਬੋਧਿਤ ਕੀਤਾ ਹੈ।

ਸੰਗੀਤ ਦੇ ਖੇਤਰ ਵਿੱਚ ਪ੍ਰਾਚੀਨ ਕਾਲ ਤੋਂ ਲੈਕੇ ਅੱਜ ਤੱਕ ਅਨੇਕਾਂ ਹੀ ਤਜੁਰਬੇ ਹੋਏ ਹਨ, ਅਤੇ ਉਸ ਦੇ ਕਈ ਹੈਰਾਨੀ ਜਨਕ ਸਿੱਟੇ ਵੀ ਨਿਕਲੇ ਹਨ। ਜਿਵੇਂ ਰਾਗਦਾਰੀ ਸੰਗੀਤ ਦੇ ਪ੍ਰਭਾਵ ਨਾਲ, ਸੁੱਕੇ ਪੌਦਿਆਂ ਦਾ ਹਰੇ ਹੋਣਾ, ਗਊਆਂ ਦਾ ਵਧੇਰੇ ਦੁੱਧ ਦੇਣਾ, ਅਤੇ ਪਾਗਲਾਂ ਦਾ ਇਲਾਜ ਆਦਿ। ਕੁੱਝ ਸਮਾਂ ਪਹਿਲੇ ਇੰਗਲੈਂਡ ਦੀ ਇੱਕ ਔਰਤ, ਐਲੀਸਨ, ਕਾਫੀ ਚਰਚਾ ਦੀ ਵਿਸ਼ਾ ਬਣੀ ਸੀ। ਉਹ ਆਪਣੇ ਵੈਰਾਗ ਗਾਇਨ ਦੇ ਪ੍ਰਭਾਵ ਨਾਲ ਕੱਚ ਦੇ ਗਲਾਸ ਨੂੰ ਤੋੜ ਸਕਦੀ ਹੈ। ਸੰਗੀਤ ਦੇ ਗੁਣੀ ਗਿਆਨੀ ਵਿਅਕਤੀ ਪ੍ਰੋ: ਓਂਕਾਰ ਨਾਥ ਠਾਕੁਰ ਜੀ ਨੇ ਲਿਖਿਆ ਹੈ, ਕਿ ਉਨ੍ਹਾਂ ਨੇ ਚਿੜੀਆ ਘਰ ਵਿਚ ਡੱਕੇ ਹੋਏ ਸ਼ੇਰ ਨੂੰ ਰਾਗ ਸੁਣਾ ਕੇ ਅਜਿਹਾ ਮੋਹਿਤ ਕੀਤਾ ਕਿ ਉਹ ਪੂਛ ਹਿਲਾਉਣ ਲਗਾ ਅਤੇ ਉਸ ਦੀਆਂ ਅੱਖਾਂ ਵਿੱਚ ਮਸਤੀ ਆ ਗਈ। ਪਰ ਇਨ੍ਹਾਂ ਸਭ ਪ੍ਰਾਪਤੀਆਂ ਦੇ ਨਿਰੀਖਣ ਤਾਂ ਹੀ ਕੀਤੇ ਜਾ ਸਕਦੇ ਹਨ ਜੇ ਕਈ ਸਾਲਾਂ ਦੇ ਅਧਿਐਨ ਤੋਂ ਬਾਦ ਰਾਗਦਾਰੀ ਸੰਗੀਤ ਦਾ ਸੰਪੂਰਣ ਗਿਆਨ ਪ੍ਰਾਪਤ ਕੀਤਾ ਜਾਵੇ। ਅਜਿਹੇ ਲੋਕ ਬਹੁਤ ਘੱਟ ਹਨ ਜੋ ਸੰਗੀਤ ਸਿੱਖਿਆ ਦੀ ਤਰਫ਼ ਗਹਿਰਾਈ ਨਾਲ ਵੇਖਦੇ ਹਨ। ਸਾਡੇ ਸਮਾਜ ਵਿੱਚ ਅਜਿਹੇ ਸੰਗੀਤ ਪ੍ਰੇਮੀ ਲੋਕਾਂ ਦੀ ਕਮੀ ਨਹੀਂ ਜਿਹੜੇ ਥੋੜ੍ਹੇ ਬਹੁਤ ਚਟਪਟੇ ਗੀਤ ਸੰਗੀਤ, ਭਾਵ ਗੀਤ ਅਤੇ ਲੋਕ ਗੀਤਾਂ ਆਦਿ ਦਾ ਕੁੱਝ ਗਿਆਨ ਪ੍ਰਾਪਤ ਕਰਕੇ, ਆਮ ਜਨਤਾ ਸਾਹਮਣੇ ਗਾਕੇ, ਪ੍ਰਸਿੱਧੀ ਪ੍ਰਾਪਤ ਕਰਦੇ ਹਨ।

ਅੱਜ ਦੇ ਸਮੇਂ ਸੰਗੀਤ ਦਾ ਪ੍ਰਚਾਰ ਪਸਾਰ ਤਾਂ ਬਹੁਤ ਹੋ ਚੁਕਿਆ ਹੈ ਪਰ ਰਾਗਾਤਮਕ ਸੰਗੀਤ ਦਾ ਸਤਰ ਹੇਠਾਂ ਗਿਰਦਾ ਜਾ ਰਿਹਾ ਹੈ। ਸੰਗੀਤ ਦੀ ਸੰਪੂਰਣ ਵਿੱਦਿਆ ਪ੍ਰਾਪਤੀ ਦਾ ਉਦੇਸ਼ ਰਾਗਦਾਰੀ, ਸ਼ਾਸਤ੍ਰੀ ਸੰਗੀਤ ਦੀਆਂ ਗਹਿਰਾਈਆਂ ਦਾ ਗਿਆਨ ਪ੍ਰਾਪਤ ਕਰਨਾ ਹੈ, ਕਲਾਸੀਕਲ ਰਾਗਦਾਰੀ ਸੰਗੀਤ ਹੀ ਸੰਗੀਤ ਦੀ ਬੁਨਿਆਦ ਹੈ ਪਰ ਅਜ ਦੇ ਸਮੇਂ ਸਕੂਲਾਂ ਕਾਲਜਾਂ ਵਿਚ ਸੰਗੀਤ ਦੀ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਵੀ ਸ਼ੁੱਧ ਸ਼ਾਸਤ੍ਰੀ ਸੰਗੀਤ ਦੀ ਤਰਫ ਘੱਟ ਅਤੇ ਹਲਕੇ ਸੰਗੀਤ ਦੀ ਤਰਫ ਵਧੇਰੇ ਝੁਕਾਉ ਰਖਦੇ ਹਨ। ਵਿਸ਼ੇਸ਼ਕਰ ਸੰਗੀਤ ਵਿਸ਼ੇ ਵਿੱਚ ਵਿੱਦਿਆ ਪ੍ਰਾਪਤ ਕਰਨ ਵਾਲੇ, ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਜੇ ਸੰਭਵ ਹੋ ਸਕੇ ਤਾਂ ਜੀਵਨ ਵਿਚ ਕੁੱਝ ਸਮਾਂ ਗੁਰੂ ਸ਼ਿਸ਼ ਪਰੰਪਰਾ ਦੇ ਤਰੀਕੇ ਨਾਲ ਵੀ ਸ਼ਾਸਤ੍ਰੀ ਸੰਗੀਤ ਦੀਆਂ ਗਹਿਰਾਈਆਂ ਦਾ ਗਿਆਨ ਪ੍ਰਾਪਤ ਕਰਨ। ਪਰ ਇੱਥੇ ਇਕ ਮੁੱਖ ਸਮਸਿਆ ਇਹ ਸਾਹਮਣੇ ਆਉਂਦੀ ਹੈ ਕਿ ਕੀ ਉੱਚ ਕੋਟੀ ਦੇ ਘਰਾਨੇਦਾਰ ਗਾਇਕ ਤੇ ਵਾਦਕ ਕਲਾਕਾਰ, ਚੰਗੇ ਦਰਜੇ ਦੇ ਸਿੱਖਿਅਕ ਜਾ ਅਧਿਆਪਕ ਵੀ ਸਿੱਧ ਹੋ ਸਕਦੇ ਹਨ ਜਾਂ ਨਹੀਂ। ਜੇ ਚੰਗਾ ਸੰਗੀਤ ਕਲਾਕਾਰ ਇਕ ਚੰਗਾ ਅਧਿਆਪਕ ਵੀ ਸਿੱਧ ਹੋ ਜਾਵੇ, ਤਾਂ ਫਿਰ ਇਕ ਹੋਰ ਪ੍ਰਸ਼ਨ ਉਠਦਾ ਹੈ ਕਿ ਕੀ ਉਹ ਸੰਗੀਤ ਵਿਦਿਆਰਥੀਆਂ ਨੂੰ ਵਧੇਰੇ ਲਾਲਚ ਵਸ ਹੋਏ ਬਿਨਾਂ ਦਿਆਲਤਾ ਨਾਲ, ਸੰਗੀਤ ਦੀਆਂ ਗਹਿਰਾਈਆਂ ਦਾ ਉਹ ਗਿਆਨ ਕਰਾਏਗਾ ਜੋ ਉਸ ਨੇ ਖੁਦ ਪ੍ਰਾਪਤ ਕੀਤਾ ਹੈ? ਸੰਗੀਤ ਦੀ ਉੱਚ ਵਿੱਦਿਆ ਪ੍ਰਾਪਤ ਕਰ ਰਹੇ ਜਾਂ ਕਰ ਕੇ ਨਿਕਲਣ ਵਾਲੇ ਵਿਦਿਆਰਥੀਆਂ ਸਾਹਮਣੇ ਉਨ੍ਹਾਂ ਦੇ ਭੱਵਿਖ ਲਈ ਇਹ ਇਕ ਵਿਚਾਰ ਯੋਗ ਵਿਸ਼ਾ ਹੈ। ਸੰਖੇਪ ਵਿਚ ਇਹ ਕਿਹਾ ਜਾਂ ਸਕਦਾ ਹੈ ਕਿ ਸੰਗੀਤ ਦੀ ਸੰਪੂਰਣ ਸਿੱਖਿਆ ਪ੍ਰਾਪਤੀ ਦੇ ਸੰਬੰਧ ਵਿਚ ਅਜੇ ਹੋਰ ਵਿਚਾਰ ਦੀ ਆਵਸ਼ਕਤਾ ਹੈ। ਤਾਂ ਹੀ ਸੰਗੀਤ ਵਿਦਿਆਰਥੀ ਸੰਗੀਤ ਸਿੱਖਿਆ ਦੇ ਖੇਤਰ ਵਿਚ ਹੋਰ ਅੱਗੇ ਵਧ ਸਕਦੇ ਹਨ।

# ਕਲਾਕਾਰ ਸਚ ਦੀ ਮੂਰਤ ਹੋਏ

ਬਬਲੀ . ਐਸ . ਸਿੰਘ

ਪ੍ਰੋ: ਪਿਆਰਾ ਸਿੰਘ ਪਦਮ ਦਾ ਲਿਖਿਆ "ਕਲਾਕਾਰ ਤੇ ਬਲੀਦਾਨ" ਆਰਟੀਕਲ ਬਹੁਤ ਹੀ ਸੋਹਣਾ ਲਗਾ। ਪ੍ਰੋ. ਪਦਮ ਨੇ ਕਲਾਕਾਰ ਤੇ ਕਲਾਕਾਰ ਦੇ ਸੁਭਾਅ ਬਾਰੇ ਬੜੇ ਹੀ ਸੱਚੇ ਅੰਦਾਜ਼ ਵਿਚ ਲਿਖਿਆ ਹੈ। ਕਲਾਕਾਰ ਇਸ ਦੁਨੀਆਂ ਦਾ ਹੀ ਹਿੱਸਾ ਹੈ ਪਰ ਆਮ ਤੋਂ ਬੜਾ ਅਲੱਗ ਸੁਭਾਅ ਲੈਕੇ ਜੀਉਂਦਾ ਹੈ ਤੇ ਉਸੇ ਅਲੱਗ ਸੁਭਾਅ ਨੂੰ ਪ੍ਰੋ. ਪਦਮ ਨੇ ਬੜੀ ਗਹਿਰਾਈ ਨਾਲ ਸਮਝਿਆ ਤੇ ਲਿਖਿਆ ਹੈ। ਜਿਹਨਾਂ ਕਲਾਕਾਰਾਂ ਬਾਰੇ ਉਨ੍ਹਾਂ ਬਿਆਨ ਕੀਤਾ ਹੈ ਉਹ ਤਾਂ ਫਿਰ ਨੂਰੀ ਕਲਾਕਾਰ ਸਨ। ਗੁਰੂ ਨਾਨਕ, ਗੁਰੂ ਅਰਜਨ ਦੇਵ ਤੇ ਬਾਬਾ ਫਰੀਦ ਇਹ ਸਭ ਨਿਮਰਤਾ ਦੇ ਪੁੰਜ ਤੇ ਬੜੇ ਹੀ ਨਾਜ਼ਕ ਹਿਰਦਿਆਂ ਵਾਲੇ ਨੂਰੀ ਕਲਾਕਾਰ ਸਨ। ਮੈਂ ਸੋਚਦੀ ਹਾਂ ਕਿ ਅਜ ਦੇ ਕਲਾਕਾਰ, ਜੋ ਕਿਸੇ ਨਾ ਕਿਸੇ ਨੂੰ ਆਪਣਾ ਗੁਰੂ ਧਾਰਣ ਕਰਦੇ ਹਨ ਜੇਕਰ ਉਹ ਇਨ੍ਹਾਂ ਨੂਰੀ ਕਲਾਕਾਰਾਂ ਨੂੰ ਆਪਣਾ ਗੁਰੂ ਧਾਰਨ ਕਰ ਲੈਣ ਤਾਂ ਸ਼ਾਇਦ ਉਹਨਾਂ ਦੀ ਉਹ ਦੈਵੀ ਸ਼ਕਤੀ ਇਨ੍ਹਾਂ ਦੇ ਅੰਦਰ ਵੀ ਸਮਾ ਜਾਏ। ਤੇ ਫਿਰ ਜੋ ਕਲਾ ਇਨ੍ਹਾਂ ਦੇ ਅੰਦਰੋਂ ਨਿਕਲੇ ਉਹ ਸੱਚੀ ਸੁੱਚੀ ਕਲਾ ਹੋਏਗੀ। ਸੱਚਾ ਕਲਾਕਾਰ ਇਕ ਸੂਖਮ ਦ੍ਰਿਸ਼ਟੀ ਦਾ ਮਾਲਕ ਹੁੰਦਾ ਹੈ ਤੇ ਉਸਦੇ ਕੋਲ ਇਕ ਕੋਮਲ ਤੇ ਨਿਮਰਤਾ ਭਰਿਆ ਹਿਰਦਾ ਹੁੰਦਾ ਹੈ ਜੋ ਆਪਣੇ ਲਈ ਘਟ ਤੇ ਦੂਸਰੇ ਲਈ ਜ਼ਿਆਦਾ ਮਹਿਸੂਸ ਕਰਦਾ ਹੈ, ਸੋਚਦਾ ਹੈ ਤੇ ਦੂਸਰੇ ਲਈ ਜਿਉਂਦਾ ਹੈ। ਆਪਣੀ ਸੋਚ ਦੇ ਸੰਸਾਰ ਵਿਚ ਹੀ ਮਸਤ ਰਹਿੰਦਾ ਹੈ ਤੇ ਅਸਲੀ ਕਲਾਕਾਰ ਸੱਚ ਨੂੰ ਜ਼ਿਆਦਾ ਪਸੰਦ ਹੁੰਦਾ ਹੈ। ਉਹ ਦੁਨੀਆਂ ਦੀ ਬਨਾਵਟ, ਦਿਖਾਵੇ ਤੇ ਝੂਠ ਤੋਂ ਪਰ੍ਹੇ ਰਹਿ ਕੇ ਸੱਚ ਭਰੀ ਜ਼ਿੰਦਗੀ ਜਿਉਣਾਂ ਚਾਹੁੰਦਾ ਹੈ। ਆਪਣੇ ਹੀ ਸੁਪਨਿਆਂ ਦੇ ਸੰਸਾਰ ਵਿਚ ਮਸਤ ਕਲਾਕਾਰ ਨੂੰ ਬਹੁਤ ਲੋਕ ਸਮਝ ਨਹੀਂ ਸਕਦੇ। ਕਲਾਕਾਰ ਦੀ ਸੋਚ ਆਮ ਨਾਲੋਂ ਬਹੁਤ ਡੂੰਘੀ ਤੇ ਸੰਜੀਦਾ ਹੁੰਦੀ ਹੈ। ਪਰ ਇਹ ਸਭ ਗੁਣ ਸਿਰਫ ਇਕ ਸੱਚੇ ਕਾਲਕਾਰ ਵਿਚ ਹੀ ਹੋ ਸਕਦੇ ਹਨ।

ਅਜ ਦੇ ਕਲਾਕਾਰਾਂ ਨਾਲ ਮੈਨੂੰ ਥੋੜ੍ਹੀ ਜਿਹੀ ਨਾਰਾਜ਼ਗੀ ਹੈ। ਥੋੜ੍ਹਾ ਗਿਲਾ ਵੀ ਹੈ। ਮੇਰੇ ਕਲਾਕਾਰ ਵੀਰ ਸ਼ਾਇਦ ਮੇਰੀ ਗਲ ਪੜ੍ਹ ਕੇ ਮੇਰੇ ਨਾਲ ਨਰਾਜ਼ ਵੀ ਹੋਣਗੇ ਪਰ ਜੇ ਉਹ ਮੇਰੇ ਲਿਖੇ ਲੇਖ ਨੂੰ ਪੜ੍ਹ ਕੇ ਸੋਚਣਗੇ ਤਾਂ ਸਮਝ ਜਾਣਗੇ ਕਿ ਵਾਕਈ ਇਹ ਗਹਿਰੀ ਸਚਾਈ ਨੂੰ ਮੰਨਣਾ ਪਏਗਾ।

ਸਭ ਤੋਂ ਪਹਿਲੀ ਗੱਲ ਜੋ ਜ਼ਰੂਰੀ ਹੈ ਕਿ ਜੇ ਇਕ ਕਲਾਕਾਰ ਸੱਚਾ ਨਹੀਂ ਤਾਂ ਉਹ ਕਲਾਕਾਰ ਹੀ ਨਹੀਂ ਹੋ ਸਕਦਾ। ਸੋ ਅਜ ਜੋ ਸੱਚ ਮੈਂ ਆਖਣ ਲਗੀ ਹਾਂ ਉਹ ਜੇ ਸਭ ਸਮਝਣ ਦੀ ਕੋਸ਼ਿਸ਼ ਕਰਨ ਤਾਂ ਕਲਾ ਬੜੀ ਸੱਚੀ ਸੁੱਚੀ ਤੇ ਉਚੀ ਹੋ ਜਾਏਗੀ।

ਬਹੁਤ ਸਾਰੇ ਕਲਾਕਾਰ ਗੁਰੂ ਨਾਨਕ, ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ ਮਹਾਰਾਜ ਦੀਆਂ ਪੇਂਟਿੰਗਜ਼ ਬਣਉਂਦੇ ਹਨ ਉਨ੍ਹਾਂ ਕਲਾਕਾਰਾਂ ਨੇ ਨਾਮ ਵੀ ਕਮਾਇਆ ਹੈ ਤੇ ਦੌਲਤ ਵੀ ਕਮਾਈ ਹੈ ਗੁਰੂਆਂ ਦੇ ਚਿਤ੍ਰ ਬਣਾਕੇ। ਸ਼ਾਇਦ ਗੁਰੂ ਦੀ ਰਹਿਮਤ ਬਰਸੀ ਕਿ ਨਾਮ ਤੇ ਦੌਲਤ ਦੋਨੋਂ ਹੀ ਖ਼ੂਬ ਕਮਾਏ। ਪਰ ਅਫਸੋਸ ਹੁੰਦਾ ਹੈ ਦੇਖ ਕੇ ਕਿ ਕਿਸੇ ਵੀ ਕਲਾਕਾਰ ਨੇ ਗੁਰੂ ਮਹਾਰਾਜ ਨੂੰ ਸੱਚੇ ਰੂਪ ਵਿਚ ਨਹੀਂ ਚਿਤਰਿਆ। ਸਭ ਤੋਂ ਪਹਿਲੇ ਤਾਂ ਸਾਡੇ ਗੁਰੂ ਗੋਬਿੰਦ ਸਿੰਘ ਜੀ ਕੀ ਗੁਰੂ ਨਾਨਕ, ਕੀ ਗੁਰੂ ਤੇਗ ਬਹਾਦਰ, ਕੀ ਗੁਰੂ ਗੋਬਿੰਦ ਸਿੰਘ ਜੀ ਸਭ ਦੀਆਂ ਤਸਵੀਰਾਂ ਨੂੰ ਧਿਆਨ ਨਾਲ ਵੇਖੋ ਤਾਂ ਅਹਿਸਾਸ ਹੋਏਗਾ ਕਿ ਜਿਵੇਂ ਹੁਣੇ ਹੀ ਕਿਸੇ ਨੇ ਬਿਊਟੀ ਪਾਰਲਰ ਜਾਕੇ ਭਰਵਟੇ ਬਣਵਾਏ ਹੋਣ, ਦਾੜ੍ਹੀ ਨੂੰ ਸ਼ੇਪ ਕਰਵਾਈ ਹੋਏ ਮੁੱਛਾਂ ਦੀ ਸ਼ੇਪ ਕਰਾਕੇ ਸੈਟ ਕੀਤੀਆਂ ਹੋਣ। ਸਭ ਗੁਰੂਆਂ ਨੂੰ ਚਿਤਰਨ ਲਗਿਆਂ ਹੋਠਾਂ ਤੇ ਸੁਰਖੀ ਲਗਾਈ ਜਾਂਦੀ ਹੈ। ਚਿਹਰੇ ਨੂੰ ਸੁੰਦਰ ਦਰਸਾਣ ਲਈ ਗਲੈਮਰ ਦੀ ਵਰਤੋਂ ਕੀਤੀ ਜਾਂਦੀ ਹੈ। ਕੀ ਇਸ ਤਰ੍ਹਾਂ ਗੁਰੂਆਂ ਦੀ ਬੇਅਦਬੀ ਨਹੀਂ ਹੁੰਦੀ? ਕੀ ਕਲਾਕਾਰ ਇਹ ਕੋਸ਼ਿਸ਼ ਨਹੀਂ ਕਰ ਸਕਦੇ ਕਿ ਗੁਰੂ ਮਹਾਰਾਜ ਦੀਆਂ ਪੇਂਟਿੰਗਜ਼ ਬਣਉਂਦਿਆਂ ਉਨ੍ਹਾਂ ਦੇ ਮੁਖੜੇ ਤੇ ਨੂਰੀ ਪ੍ਰਭਾਵ ਲਿਆਂਦਾ ਜਾ ਸਕੇ? ਉਨ੍ਹਾਂ ਦੀਆਂ ਅੱਖਾਂ ਵਿਚੋਂ ਇਕ ਨੂਰ ਭਰੀ ਨਜ਼ਰ create ਕੀਤੀ ਜਾ ਸਕੇ ਜਿਸ ਨੂੰ ਵੇਖ ਕੇ ਮਨ ਨੂੰ ਸ਼ਾਂਤੀ ਮਿਲ ਜਾਏ? ਇਕ ਮਹਾਨ ਸੰਤ, ਬ੍ਰਹਮ ਗਿਆਨੀ, ਦਰਵੇਸ਼ ਜਾਂ ਅਵਤਾਰ ਦੀ ਤਾਂ ਇਕ ਨਜ਼ਰ ਹੀ ਕਾਫੀ ਹੁੰਦੀ ਹੈ ਇਹ ਦੱਸਣ ਲਈ ਕਿ ਇਹ ਕਿਤੇ ਧੁਰੋਂ ਹੀ ਪਹੁੰਚੀ ਹੋਈ ਨਜ਼ਰ ਹੈ। ਕਲਾਕਾਰ ਵੀਰ ਇਹ ਖਿਆਲ ਰੱਖਣ ਕਿ ਗੁਰੂਆਂ ਦੇ ਚੇਹਰੇ ਤੇ ਬਣਾਈਆਂ ਨੁਕੀਲੀਆਂ ਮੁੱਛਾਂ, ਦਾੜ੍ਹੀ, ਕੱਟੇ ਪਤਲੇ ਭਰਵਟੇ ਕੀ ਸਿਖੀ ਰਹਿਤ ਦੇ ਖਿਲਾਫ ਨਹੀਂ ਹਨ? ਕੀ ਰੋਮ ਕੱਟਣੇ ਗੁਰੂ ਦੇ ਹੁਕਮ ਦੀ ਬੇਅਦਬੀ ਨਹੀਂ ਹੈ।

ਆਪਣੇ ਸਿਖੀ ਧਰਮ ਵਿਚ ਤਾਂ ਮੂਰਤੀ ਪੂਜਾ ਦੀ ਸਖਤ ਮਨਾਹੀ ਹੈ। ਪਰ ਫਿਰ ਵੀ ਜੇਕਰ ਕਲਾਕਾਰ ਆਪਣੇ ਮਨ ਮੰਦਰ ਚੋਂ ਪ੍ਰਭੂ ਨੂੰ ਚਿਤਰਨਾ ਹੀ ਚਾਹੁੰਦਾ ਹੈ ਤਾਂ ਕਿਉਂ ਨਾ ਉਸ ਨੂੰ ਆਪਣੇ ਸੱਚੇ ਸੁਚੇ ਪ੍ਰੇਮ ਨਾਲ ਭਗਤੀ ਭਾਵ ਨਾਲ ਉਸਦੇ ਸੱਚੇ ਨੂਰੀ ਰੂਪ ਨੂੰ ਚਿਤਰੇ। ਦੁਨਿਆਵੀ ਚੇਹਰੇ ਦੀ ਸੁੰਦਰਤਾ ਨਾਲੋਂ ਪ੍ਰਭੂ ਦੇ ਰੂਪ ਨੂੰ ਚੇਹਰੇ ਤੇ ਦਰਸਾਏ।

ਇਸੇ ਤਰ੍ਹਾਂ ਹੀ ਜਦੋਂ ਕ੍ਰਿਸ਼ਨ ਭਗਵਾਨ, ਸ੍ਰੀ ਰਾਮ ਚੰਦਰ, ਸ਼ਿਵ ਜੀ ਵਰਗੇ ਅਵਤਾਰਾਂ ਦੀਆਂ ਪੇਂਟਿੰਗਜ ਬਣਾਈਆਂ ਜਾਂਦੀਆਂ ਹਨ ਤਾਂ ਉਨ੍ਹਾਂ ਦੀ ਚੇਹਰੇ ਦੀ ਸੁੰਦਰਤਾਂ ਵਧਾਉਂਣ ਲਈ ਗੁਲਾਬੀ ਰੰਗੇ ਹੋਠ ਕੁੜੀਆਂ ਵਰਗੇ ਚੇਹਰੇ ਦੇ ਨੈਣ ਨਕਸ਼ ਬਣਾਏ ਜਾਂਦੇ ਹਨ। ਜਦੋਂ ਕਿ ਸਾਰੇ ਮਹਾਨ ਅਵਤਾਰ ਰਿਸ਼ੀ ਮੁਨੀ ਸਭ ਲੰਬੇ ਵਾਲ ਦਾੜ੍ਹੀ ਮੁੱਛਾਂ ਸਭ ਰੱਖਦੇ ਸਨ। ਗੁਰਬਾਣੀ ਵਿਚ ਵੀ ਜ਼ਿਕਰ ਹੈ ਸੋਹਣੇ, ਨੱਕ ਜਿਨ ਲੰਬੜੇ ਵਾਲਾ।

ਪਰ ਇਨ੍ਹਾਂ ਵੱਲੋਂ ਸ੍ਰੀਕ੍ਰਿਸ਼ਨ, ਰਾਮ, ਸ਼ਿਵਜੀ, ਸਭ ਦੇ ਮੂੰਹਾਂ ਤੋਂ ਦਾੜ੍ਹੀ ਮੁੱਛਾਂ ਗਾਇਬ ਕਰ ਦਿਤੀਆਂ ਜਾਂਦੀਆਂ ਹਨ, ਵਾਲ ਖਿੱਚ ਕੇ ਵਾਹ ਕੇ ਜੂੜੇ ਕੀਤੇ ਦਿਖਾਏ ਜਾਂਦੇ ਹਨ ਤੇ ਹਰ ਤਰ੍ਹਾਂ ਨਾਲ ਸੁੰਦਰ ਬਣਾਉਂਣ ਦੇ ਆਹਰ ਵਿਚ ਪ੍ਰਭੂ ਰੂਪ ਦਿਖਉਂਣਾ ਚਾਹੀਦਾ ਹੈ ਉਹ ਭੁਲਾ ਕੇ ਚਿਤਰ ਪੇਂਟ ਹੁੰਦੇ ਹਨ। ਪ੍ਰਭੂ ਪ੍ਰਮਾਤਮਾ ਦੀ ਨੂਰੀ ਝਲਕ ਦਿਖਉਂਣ ਦੀ ਕੋਸ਼ਿਸ਼ ਕੋਈ ਕਰਦਾ ਹੀ ਨਹੀਂ। ਗਲੈਮਰ ਭਰੇ ਚੇਹਰੇ ਪੇਂਟ ਕਰਕੇ ਗੁਰੂਆਂ ਦੀ ਬੇਅਦਬੀ ਕਰਕੇ ਕਲਾਕਾਰ ਨਾਮ ਤੇ ਦੌਲਤ ਕਮਾਈ ਜਾ ਰਹੇ ਹਨ। ਨਹੀਂ ਕਲਾ ਨੂੰ ਕਿਸੇ ਬਨਾਵਟ ਝੂਠ ਜਾਂ ਸ਼ਿੰਗਾਰ ਦੀ ਲੋੜ ਨਹੀਂ ਸਗੋਂ ਜੋ ਰੂਪ ਸਚਾਈ ਨਾਲ ਚਿਤਰਿਆ ਜਾਵੇ ਉਹ ਜ਼ਿਆਦਾ ਸਫਲ ਹੋਏਗਾ।

# ਭਗਤ ਪੂਰਨ ਸਿੰਘ ਦਾ ਅਪੂਰਨ ਸੁਫ਼ਨਾ

ਡਾ. ਸੁਰਜੀਤ ਸਿੰਘ 'ਕੁੰਜਾਹੀ'

ਸਿੱਖ ਗੁਰੂ ਸਾਹਿਬਾਨ ਅਤੇ ਬਾਕੀ ਭਗਤਾਂ ਦੀ ਬਾਣੀ ਜਾਗਤ ਜੋਤ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਸਮੂਹ ਮਨੁੱਖ ਜਾਤੀ ਲਈ ਜੀਵਨ ਜੀਊਣ ਦੀ ਜਾਚ ਸਿਖਾਂਦੀ ਹੈ। ਸਿੱਖ ਇਤਿਹਾਸ ਹਜ਼ਾਰਾਂ ਮਰਜੀਊੜਿਆਂ ਦੀਆਂ ਕਮਾਈਆਂ ਦਾ ਜ਼ਿਕਰ ਕਰਦਾ ਹੈ ਜੋ ਆਪਣਾ ਜੀਵਨ ਬਾਕੀ ਜੀਊੜਿਆਂ ਦੀ ਸੇਵਾ ਵਿਚ ਬਿਤਾ ਕੇ ਸੇਵਾ ਸਿਮਰਣ ਅਤੇ ਸਦਾਚਾਰ ਦੇ ਅਮਿਟ ਨਿਸ਼ਾਨ ਛੱਡ ਗਏ ਹਨ। ਮਨੁੱਖ ਸਮਾਜ ਆਪਣੀ ਹੋਂਦ ਤੋਂ ਲੈ ਕੇ ਹੁਣ ਤਕ ਆਪਣੇ ਅੰਦਰ ਐਸੇ ਨਿਸ਼ਕਾਮ ਸੇਵਕਾਂ ਦੀ ਉਚਿਤ ਪਹਿਚਾਣ ਕਰਨ ਵਿਚ ਸਦਾ ਢਿੱਲ ਪਾਂਦਾ ਆਇਆ ਹੈ। ਭਗਤ ਪੂਰਨ ਸਿੰਘ ਐਸੇ ਹੀ ਅਲਮਸਤ, ਨਿਸ਼ਕਾਮੀ, ਸਮਾਜ ਸੇਵਕ ਅਤੇ ਪਰਿਯਾਵਰਣ ਦੇ ਰਾਖੇ, ਪੰਜਾਬ ਦੀ ਧਰਤੀ ਤੇ ਧਰੂਅ ਤਾਰੇ ਵਾਂਗ ਉਜਵਲ ਪ੍ਰਕਾਸ਼ ਬਣ ਪੈਦਾ ਹੋਏ। ਇਹ ਨਾਮ ਇਸ ਸਦੀ ਦੇ ਆਰੰਭ ਤੋਂ ਲੈ ਕੇ ਅਖ਼ੀਰਲੇ ਦਹਾਕੇ ਦੇ ਸ਼ੁਰੂ ਤਕ ਆਪਣੀ ਪਹਿਚਾਣ ਨੂੰ ਹੌਲੀ ਹੌਲੀ ਉਘੇੜਦਾ, ਆਪਣੇ ਟੀਚੇ ਵਲ ਵੱਧਦਾ ਰਿਹਾ। ਇਸ ਮਹਾਨ ਸਿੱਖ, ਵਿਸ਼ਾਲ ਹਿਰਦੇ ਦੇ ਮਾਲਕ ਸੰਪੂਰਨ ਮਨੁੱਖ ਨੇ ਯਤੀਮ ਹੋਣ ਦੀ ਤਕਲੀਫ, ਬੀਮਾਰ ਤੇ ਲਾਚਾਰ ਹੋਣ ਦੀ ਪੀੜ, ਕੋੜ੍ਹ ਤੇ ਟੀ.ਬੀ. ਦੀ ਸੜਿਆਂਦ ਚੋਂ ਉਠਦੀ ਤਰਾਟ ਅਤੇ ਜ਼ਖ਼ਮਾਂ ਚੋਂ ਵਗਦੀ ਪੀਕ, ਮਵਾਦ ਵਿਚ ਤੁਰਦੇ ਕੀੜਿਆਂ ਦੀ ਪੁਰ ਪੁਰ ਨੂੰ ਜੀਵਨ ਦੀ ਝੋਲ ਪਵਾਕੇ, ਨਿਰਵਾਹ ਕੀਤਾ ਹੈ।

ਭਗਤ ਪੂਰਨ ਸਿੰਘ ਨੇ ਉਮਰ ਦੇ ਆਰੰਭਿਕ ਸਮੇਂ, ਲਾਵਾਰਸ ਤੇ ਅਪਾਹਜ ਬੋਝ ਆਪਣੇ ਮੋਢਿਆਂ ਤੇ ਚੁੱਕ ਲਿਆ ਸੀ। ਮਾਂ ਦੀ ਅਸੀਸ ਵਿਚੋਂ ਫ਼ਕੀਰੀ ਖ਼ੈਰ ਪਵਾ ਲਈ। ਉਹ ਹਰ ਯਤੀਮ ਨਾਲ ਯਤੀਮ ਹੋ ਜਾਂਦਾ, ਹਰ ਕੋਹੜੀ ਦੇ ਕੋਹੜ ਨਾਲ ਵਾਬਸਤਾ ਹੋ ਜਾਂਦਾ, ਹਰ ਜ਼ਖ਼ਮ ਚੋਂ ਵਗਦੀ ਪੀਕ ਨੂੰ ਪੋਲੇ ਪੋਲੇ ਪੋਟਿਆਂ ਨਾਲ ਸਾਫ਼ ਕਰਦਾ, ਪੁਰ ਪੁਰ ਕਰਦੇ ਕੀੜਿਆਂ ਨੂੰ ਆਪਣੀਆਂ ਤਲੀਆਂ ਤੇ ਰੱਖ ਕੇ ਵੈਰਾਗੀ ਚੋਂਦੇ ਨੈਣਾ ਰਾਹੀਂ ਵਾਹਿਗੁਰੂ ਦੇ ਚਰਣਾਂ ਨੂੰ ਧੋਂਦਾ ਤੇ ਅਰਦਾਸੀਆ ਬਣ ਜਾਂਦਾ। ਉਹ ਹਰ ਦਰਦ, ਹਰ ਤਰਾਟ, ਹਰ ਆਹ, ਹਰ ਅੱਥਰੂ, ਹਰ ਪੀੜ ਵਿਚ ਜਿਵੇਂ ਆਪਣੇ ਆਪ ਆ ਰਲਦਾ, ਐਸਾ ਅਜਬ ਢੋਅ ਕਿਤੇ ਹੋਰ ਲੱਗਦਾ ਨਹੀਂ ਸੁਣਿਆ।

ਭਗਤ ਪੂਰਨ ਸਿੰਘ, ਸਿਰਫ਼ ਇੱਕਲਾ ਮਨੁੱਖ ਸਾਰੀ ਲੁਕਾਈ ਦੇ ਦੁੱਖ ਵਿਚ ਸਾਂਝਾ ਹੋਣ ਵਾਲਾ ਆਪਣੇ ਨਾਮ ਨਾਲ ਪੂਰਨ ਹੋ ਕੇ ਨਿਭਿਆ। ਬਿਨਾਂ ਕਿਸੇ ਸਾਧਨ ਦੇ, ਬਿਨਾਂ ਕਿਸੇ ਸਵੈਭਿਮਾਨ ਅਧੀਨ ਇਹ ਛੀਟਕੂ ਅਤੇ ਮਾੜਕੂ ਜਿਹਾ ਕੱਦ ਬੁੱਤ ਸਰੀਰ ਮੰਗ ਪਿੰਨ ਕੇ ਲੈ ਆਉਂਦਾ। ਕੋਈ ਮਹਿਲ ਮਾੜੀਆਂ ਨਹੀਂ ਬਲਕਿ ਦਰਖਤਾਂ ਦੀ ਛਾਂਵੇਂ, ਕਦੀ ਢੱਠੇ ਹੋਏ ਕੋਠਿਆਂ ਦੀਆਂ ਢੱਠਵਾਣਾਂ ਵਿਚ, ਕਦੀ ਸੜਕਾਂ ਦੇ ਫੁੱਟਪਾਥਾਂ ਤੇ ਲੋੜਵੰਦਾਂ, ਬੀਮਾਰਾਂ, ਲਾਚਾਰਾਂ ਦੀ ਟਿੱਡੀਦਲ ਸਾਂਭਦਾ ਸਿਰਕਦਾ ਅਣਥਕ ਸੇਵਾ ਕਰੀ ਜਾਂਦਾ। ਕੋਲੋ ਲੰਘਦੇ ਜਾਂਦੇ ਲੋਕਾਂ ਨੂੰ ਤਰਲੇ ਪਾਂਦਾ, ਪੈਰੀਂ ਡਿੱਗ ਡਿੱਗ ਕੇ ਰਹਿਮ ਦੀ ਭਿੱਖ ਮੰਗਦਾ। ਬਸ ਅੱਡਿਆਂ ਤੇ, ਸ਼ਟੇਸ਼ਨਾਂ ਤੇ, ਗੁਰਦਵਾਰਿਆਂ ਦੇ ਬਾਹਰ, ਹਰ ਥਾਂਵੇਂ ਭਗਤ ਪੂਰਨ ਸਿੰਘ ਨੇ ਆਪਣੇ ਆਪ ਨੂੰ ਕੂਕਰ ਬਣਾ ਕੇ ਖ਼ੈਰ ਮੰਗੀ। ਭਗਤ ਜੀ ਨੇ ਵਾਹਿਗੁਰੂ ਦੀ ਸ਼ਰਿਸਟੀ ਵਿਚ ਹਰ ਪ੍ਰਾਣੀ ਵਿਚ ਉਹਦਾ ਸਰੂਪ ਡਿੱਠਾ ਅਤੇ ਉਸ ਦੀ ਆਰਾਧਨਾ ਆਪਣੀ ਕਰਨੀ ਨਾਲ ਕੀਤੀ। ਸੇਵਾ ਸਿਮਰਣ ਅਤੇ ਸਦਾਚਾਰ ਦੇ ਵਿਚ ਲੱਗੇ ਰਹਿੰਦੇ। ਹਰ ਸਥਾਨ ਦੇ ਅਦਾਰਿਆਂ ਚੋਂ, ਹਰ ਪ੍ਰਕਾਰ ਦੀਆਂ ਸੰਸਥਾਵਾਂ ਚੋਂ, ਹਰ ਪ੍ਰਕਾਰ ਦੀਆਂ ਸਭਾਵਾਂ ਚੋਂ ਭਗਤ ਜੀ ਮਨੁੱਖ ਜਾਤੀ ਦੀ ਭਲਾਈ ਦੇ ਤੌਰ ਤਰੀਕੇ ਲੱਭਦੇ। ਉਨ੍ਹਾਂ ਦੀ ਸੋਚ ਬਹੁਤ ਵਿਕਸਿਤ, ਸੁਭਾਅ ਵਿਚ ਫ਼ਕੀਰੀ ਅਤੇ ਫ਼ਿਕਰ ਆਪਣੇ ਸਿਰ ਜ਼ਿੰਮੇਵਾਰੀ ਲਈ ਸੀ। ਉਹ ਕਦੀ ਲੈਕਚਰ ਦੇਣ ਲੱਗ ਪੈਂਦੇ। ਕਦੀ ਬਹਿਸ ਕਰਦੇ, ਕਰਮ ਕਰਦਿਆਂ ਸੇਵਾ ਦੇ ਰਸਤੇ, ਅੱਗੇ ਹੀ ਅੱਗੇ ਵਧੀ ਜਾਂਦੇ।

ਭਗਤ ਜੀ ਦੇ ਜੀਵਨ ਆਸ਼ੇ ਦੀ ਸ਼ਾਇਦ ਮਾਂ ਹਿਰਦੇ ਵਿਚ ਥਾਂ ਨਿਸ਼ਚਿਤ ਸੀ। ਭਗਤ ਜੀ ਨੇ ਇਸ ਮਾਰਗ ਦਾ ਵਰਦਾਨ ਲੈ ਕੇ ਜੀਵਨ ਜੀਊਣ ਦਾ ਨਿਵੇਕਲਾ ਢੰਗ ਚੁਣ ਲਿਆ ਸੀ। ਭਾਵੇਂ ਭਗਤ ਜੀ ਮੈਟਰਿਕ ਦੀ ਪੜ੍ਹਾਈ ਚੋਂ ਦੋ ਵਾਰ ਫੇਲ੍ਹ ਹੋਏ, ਪਰ ਉਨ੍ਹਾਂ ਦੀ ਤੀਖਣ ਬੁੱਧੀ ਨੇ ਵੱਡੇ ਵੱਡੇ ਪੜ੍ਹਾਕੂਆਂ ਨੂੰ ਹੈਰਾਨ ਕਰ ਦਿੱਤਾ। ਕਈ ਵਿਦਿਅਕ ਅਦਾਰਿਆਂ ਵਿਚ ਜਟਿਲ ਵਿਸ਼ਿਆਂ ਤੇ ਭਗਤ ਜੀ ਜੋ ਵਿਚਾਰ ਦੇਂਦੇ, ਲੋਕ ਅਸ਼ ਅਸ਼ ਕਰ ਖਲੋਂਦੇ। ਭਗਤ ਜੀ ਦੀ ਸਾਂਝ, ਸੂਝਵਾਨ ਸਮਾਜ ਨਾਲ ਪੈ ਕੇ ਵੀ ਉਸ ਦੀ ਹਊਮੈਂ ਤੋਂ ਅਭਿੱਜ ਰਹੀ। ਮਨ ਵੈਰਾਗੀ ਸੰਸਾਰ ਦੇ ਲੱਖਾਂ ਕਰੋੜਾਂ ਦੀਨ ਦੁਖੀਆਂ ਦੇ ਦਰਦ ਵਲ ਨਜ਼ਰ ਲਾਈ ਰੱਖਦਾ। ਇਹ ਜੀਵਨ ਦੇ ਮੁੱਢਲੇ ਹੱਕਾਂ ਤੋਂ ਮਹਿਰੂਮ ਹਜੂਮ, ਭਗਤ ਜੀ ਦੀ ਅੱਖ ਵਿਚ ਰੜਕਦੇ ਅਤੇ ਇਸ ਰੜਕ ਕਾਰਨ ਜੋ ਤੜਫਨ ਉਨ੍ਹਾਂ ਦੇ ਹਿਰਦੇ ਨੂੰ ਹੁੰਦੀ, ਉਹ ਉਨ੍ਹਾਂ ਨੂੰ ਹੋਰ ਸੇਵਾ ਕਰਨ ਲਈ ਤਿਆਰ ਕਰਦੀ ਰਹੀ। ਜਿਉਂ ਜਿਉਂ ਇਹ ਕਸਕ ਹੋਰ ਵਧੀ ਤਿਉਂ ਤਿਉਂ ਇਸ ਮਹਿਰੂਮੀਯਤ ਦਾ ਖਿਲਾਰ ਵੀ ਵੱਧਦਾ ਗਿਆ। ਪੂਰਨ ਸਿੰਘ ਕੱਲਮ ਕੱਲਾ ਬੋਹੜ ਇਸ ਵੀਰਾਨੇ ਵਿਚ ਗੁਰੂ ਭਰੋਸੇ ਖਲੋਤਾ ਰਿਹਾ। ਗੁਰੂ ਦੀ ਅਸੀਮ ਕਿਰਪਾ ਇਸ ਦੇ ਅਧਿਆਤਮਕ ਆਚਰਣ ਤੇ ਪਈ ਅਤੇ ਇਹ ਮਹਾਨ ਇਨਸਾਨ ਪੂਰਨਤਾ ਦੇ ਤਰਾਜ਼ੂ ਤੇ ਸੰਪੂਰਨ ਹੋ ਕੇ ਤੁਲਿਆ।

ਆਪਣੇ ਨਫ਼ੇ ਨੁਕਸਾਨ ਲਈ ਹਰ ਸੰਸਾਰੀ ਉੱਦਮ ਕਰਦਾ ਤੇ ਫਲ ਭੋਗਦਾ ਹੈ। ਦੂਜੇ ਦੇ ਦੁੱਖ ਸਾਂਝੇ ਕਰਨ ਵਾਲੇ ਵਿਰਲੇ ਪੂਰਨ ਸਿੰਘ ਸਦੀਆਂ ਮਗਰੋਂ ਕਦੀ ਕਦੀ ਆਉਂਦੇ ਹਨ। ਇਨ੍ਹਾਂ ਨੂੰ ਲੋਕੀਂ ਕਮਲਾ ਆਖਦੇ ਹਨ। ਗਿਆਨ ਦੇ ਸੰਸਾਰ ਵਿਚ ਇਹੋ ਜਿਹੇ ਪ੍ਰਾਣੀ ਤਰੇ ਜਗਾਂ-ਤਰੇ ਕਾਲਾਂ ਵਿਚ ਸਰਬ ਪ੍ਰਮਾਣਿਤ ਰੂਹਾਂ ਵਾਲੇ ਗਿਣੇ ਜਾਂਦੇ ਹਨ। ਅਜੋਕੀ ਤੰਗੀ ਤੁਰਸ਼ੀ ਕੱਟ ਕੇ ਸਦੀਵੀ ਤਰਿਪਤੀ ਦਾ ਸੱਚਾ ਸੌਦਾ ਕਰਨ ਵਾਲੇ ਕਦੀ ਕਦੀ ਉਘੜਦੇ ਹਨ। ਗੁਰੂ ਵਾਕ "ਜੋ ਨਰ ਦੁਖ ਮੈ ਨਹੀ ਮਾਨੈ" ਐਸੇ ਬ੍ਰਹਮ ਗਿਆਨੀਆਂ ਤੇ ਢੁਕਦਾ ਹੈ। ਕਮਾਲ ਦੀ ਸਹਿਨ ਸ਼ਕਤੀ ਹੁੰਦੀ ਹੈ ਇਨ੍ਹਾਂ ਕੋਲ। ਦੂਜੇ ਦੀ ਅੰਤਰਪੀੜਾ ਆਪਣੀ ਆਤਮਾ ਤੇ ਲੇਪਨ ਬਣਾ ਲਾ ਲੈਂਦੇ ਨੇ ਐਸੇ ਮਰਜੀਵੜੇ। ਸਰੀਰਕ ਕਰੂਪਤਾ ਤੇ ਕੋਹਜ ਹੇਠ ਇਕ ਆਤਮਕ ਉਛਾਲ ਨੂੰ ਲੁਕਾ ਲੈਂਦੇ ਨੇ। "ਉਸਤਤ ਨਿੰਦਾ ਦੋਊ ਤਿਆਗੇ ਅਉਰ ਮਾਨ ਅਪਮਾਨਾ" ਇਨ੍ਹਾਂ ਤੇ ਠੀਕ ਢੁਕਦਾ ਹੈ। ਇਹੀ ਇਸੇ

"ਖੇਲਕਠਿਨ" ਨੂੰ ਖੇਡ ਸਕਦੇ ਹਨ। ਆਦਰ-ਨਿਰਾਦਰ, ਪਿਆਰ-ਦੁਤਕਾਰ, ਸਨੇਹ-ਨਿਰਮੋਹ ਸਭ ਬਰਾਬਰ ਹੁੰਦੇ ਨੇ। ਮੰਗ ਪਿੰਨ ਕੇ ਜ਼ਰੂਰਤ ਮੰਦਾਂ ਦੇ ਢਿੱਡ ਭਰਨੇ, ਯਤੀਮਾਂ ਦੀ ਪਾਲਨਾਂ, ਰੋਗੀਆਂ ਨੂੰ ਦਵਾ ਦਾਰੂ ਦੇਣਾ ਅਨਾਥਾਂ ਲਈ ਮਾਪੇ ਬਣ ਜੀਊਣਾਂ ਇਹੋ ਜਿਹੇ ਕਾਰਜ ਹੀ ਇਨ੍ਹਾਂ ਦਾ ਜੀਵਨ ਟੀਚਾ ਹੁੰਦਾ ਹੈ। ਪੂਰਬ ਦੇ ਉਗੱਦੇ ਸੂਰਜ ਨੂੰ ਸਮਸਤ ਸੰਸਾਰ ਗਿਆਨ ਦੀ ਕਿਰਣ ਵੀ ਜਾਣਦੇ। ਇਸ ਸੋਚ ਦੀ ਮਿਸਾਲ ਪੰਜਾਬ ਦੀ ਧਰਤੀ ਤੇ ਇਹ ਗੁਦੜੀ ਚ ਲਿਪਟਿਆ ਲਾਲ ਪੂਰਨ ਸਿੰਘ ਇਸ ਸਦੀ ਦੀ ਮਹਾਨ ਸਖ਼ਸ਼ੀਯਤ ਹੈ। ਸੰਸਾਰ ਅਜ ਇਸ ਦੀ ਚਮਕ ਨੂੰ ਵੇਖਣ ਲੱਗਾ ਹੈ। ਇਹ ਸਾਰੀ ਮਨੁੱਖ ਜਾਤੀ ਦਾ ਹਮਦਰਦ, ਹਰ ਕੋਨੇ, ਹਰ ਖੂੰਜੇ, ਹਰ ਦਿਸ਼ਾ, ਹਰ ਪ੍ਰਾਂਤ, ਹਰ ਧਰਮ, ਹਰ ਪਹਿਚਾਨ ਚੋਂ ਬੱਸ ਦਰਦ ਹੀ ਲੱਭਦਾ ਰਿਹਾ ਹੈ। ਇਸ ਧਰਤੀ ਦੇ ਲਾਲ ਨੂੰ ਇਸ ਦੀ ਸ਼ਖ਼ਸੀਯਤ ਜਿੰਨੀ ਥਾਂ ਨਹੀਂ ਮਿਲੀ। ਕੁਝ ਉੱਦਮ ਹੋ ਰਹੇ ਹਨ। ਪਰ ਅਜੇ ਬੜਾ ਕੁਝ ਕਰਨ ਗੋਚਰਾ ਬਾਕੀ ਹੈ। ਨਾਨਕ ਨਾਮ ਲੇਵਾ ਮਨੁਖਤਾ ਦੀ ਭਲਾਈ ਵਿਚ ਸਭ ਤੋਂ ਅੱਗੇ ਹਨ। ਇਸ ਮਹਾਨ ਕਾਰਜ ਵਿਚ ਭਗਤ ਜੀ ਦੇ ਜਾਣ ਮਗਰੋਂ ਇਕ ਹੋਰ ਆਤਮਾ ਨੇ ਇਹ ਭਾਰ ਆਪਣੇ ਮੋਢਿਆ ਤੇ ਚੁੱਕ ਲਿਐ। ਡਾ. ਇੰਦਰਜੀਤ ਕੌਰ ਜੀ ਨੂੰ ਭਗਤ ਜੀ ਨੇ ਆਪ ਇਸ ਜ਼ੁੰਮੇਵਾਰੀ ਲਈ ਚੁਣਿਆ। ਡਾ. ਸਾਹਿਬਾ ਭਗਤ ਜੀ ਦੇ ਬਹੁਤ ਨੇੜੇ ਰਹਿਣ ਵਾਲੇ ਡਾ. ਹਰਬੰਸ ਸਿੰਘ ਜੀ ਦੀ ਸਪੁਤਰੀ ਹਨ। ਭਗਤ ਜੀ ਦੇ ਮਾਰਗ ਤੇ ਚਲਦਿਆਂ ਡਾ. ਇੰਦਰਜੀਤ ਕੌਰ ਜੀ ਨੇ ਵੀ ਆਪਣਾ ਜੀਵਨ ਇਸ ਮਹਾਨ ਮਾਨੁਖ ਸੇਵਾ ਦੀ ਵਗਦੀ ਧਾਰਾ ਤੇ ਇਕ ਤਿਨਕੇ ਨਿਆਈ ਜਾ ਧਰਿਆ ਹੈ। ਇਸ ਧਾਰਾ ਦੇ ਵੇਗ ਤੇ ਵਗ ਰਹੇ ਇਸ ਸਰੀਰ ਅੰਦਰ ਵੀ ਉਹੀ ਜਨੂਨ ਚਲ ਰਿਹਾ ਹੈ। ਭਗਤ ਜੀ ਦੀ ਮਨੁਖਤਾ ਨੂੰ ਦੇਣ-ਪਿੰਗਲਵਾੜਾ ਅੰਮ੍ਰਿਤਸਰ, ਅੱਜ ਇਨ੍ਹਾਂ ਦੀ ਦੇਖ ਰੇਖ ਹੇਠ ਚਲ ਰਿਹਾ ਹੈ।

ਪਿੰਗਲਵਾੜਾ ਅਜ ਇਕ ਵਿਸ਼ਵਵਿਆਪੀ ਨਾਮ ਬਣ ਗਿਆ ਹੈ। ਗੁਰੂ ਨਾਨਕ ਮਿਸ਼ਨ ਦਾ ਇਹ ਸਰੂਪ ਸੰਸਾਰ ਵਿਚ ਹੋਰ ਐਸੇ ਸਥਾਨਾਂ ਦੀ ਮੰਗ ਕਰ ਰਿਹਾ ਹੈ। ਮਨੁੱਖੱਤਾ ਵਿਚੋਂ ਹੀ ਮਨੁਖੱਤਾ ਲਈ ਰਹਿਮ ਦਿਲ, ਰਬ ਦਾ ਭਉ ਰੱਖਣ ਵਾਲੇ ਅਤੇ ਇਸ ਮਿਸ਼ਨ ਦੀ ਭਾਵਨਾਂ ਨੂੰ ਪ੍ਰਚਾਰਣ ਦੀ ਲੋੜ ਮਹਿਸੂਸਨ ਵਾਲੇ ਹਿਰਦੇ ਅੱਗੇ ਵਧਨ। ਡਾ. ਇੰਦਰਜੀਤ ਕੌਰ ਜੀ ਦੇ ਹੱਥ ਮਜ਼ਬੂਤ ਕਰਨ ਲਈ ਅਜ ਦੇ ਸਾਰੇ ਸਮਾਜ ਅਤੇ ਗੁਰੂ ਘਰ ਦੇ ਪ੍ਰੇਮੀਆਂ ਨੂੰਆਪਣੇ ਫ਼ਰਜ਼ ਪਹਿਚਾਣ ਕੇ ਵੱਧ ਤੋਂ ਵੱਧ ਹਿੱਸਾ ਪਾਉਣ ਦੀ ਬੇਨਤੀ ਕੀਤੀ ਜਾਂਦੀ ਹੈ। ਅਜੇ ਵੀ ਹਜ਼ਾਰਾਂ ਲੱਖਾਂ ਰੂਹਾਂ ਦੀ ਪੀੜ ਨੂੰ ਪਲੋਸਨ ਵਾਲੇ ਪੋਟੇ ਨਸੀਬ ਨਹੀਂ ਹੋਏ। ਅਜੇ ਵੀ ਮਜਬੂਰੀ ਨੇ ਮਨੁੱਖਤਾ ਦੀ ਗਰਦਨ ਨੂੰ ਬੀਮਾਰੀ ਤੇ ਲਾਚਾਰੀ ਦੀ ਗਰਿਫਤ ਵਿਚ ਨਪੀੜਿਆ ਹੋਇਆ ਹੈ। ਪੂਰਨ ਸਿੰਘ ਦਾ ਸੁਫਨਾ ਹਰ ਮਨੁੱਖ ਦੀ ਦਯਾ, ਰਹਿਮਦਿਲੀ ਤੇ ਅਕੀਦੇ ਅੱਗੇ ਹੱਥ ਜੋੜ ਅਰਦਾਸੀਆ ਬਣਿਆ ਖਲੋਤਾ ਹੈ। ਰਹਿਮ ਕਰੋ! ਕਿਰਪਾ ਕਰੋ! ਆਉ ਇਸ ਮੁਹਿੰਮ ਵਿਚ ਰਲ ਜਾਉ।

---

## ਚਿੰਤਾ ਤਾ ਕੀ ਕੀਜੀਐ

*ਪਿਛੇ ਜਿਹੇ ਅਖਬਾਰਾਂ ਵਿਚ ਇੱਕ ਖਬਰ ਛਪੀ ਕਿ ਮੁਹਾਲੀ ਦੇ ਇੱਕ ਗੁਰਦੁਆਰੇ ਦੇ ਗ੍ਰੰਥੀ ਦੇ 17-18 ਸਾਲ ਦੇ ਲੜਕੇ ਨੇ ਖੁਦਕੁਸ਼ੀ ਕਰ ਲਈ। ਅਖਬਾਰਾਂ ਵਿਚ ਖੁਦਕੁਸ਼ੀ ਕਰਨ ਦਾ ਕਾਰਨ ਸਕੂਲ ਵਿਚ ਉਸ ਲੜਕੇ ਦੇ ਪ੍ਰੀ-ਬੋਰਡ ਟੈਸਟ ਵਿਚੋਂ ਘਟ ਨੰਬਰ ਆਉਣ ਕਾਰਨ ਬਾਰ੍ਹਵੀਂ ਜਮਾਤ ਦੀ ਪਰੀਖਿਆ ਦਾ ਦਾਖਲਾ ਨਾ ਭੇਜ ਸਕਣਾ ਦਸਿਆ ਸੀ। ਉਹ ਗ੍ਰੰਥੀ ਜਿਹੜਾ ਗੁਰਦੁਆਰੇ ਵਿਚ ਅਰਦਾਸ ਕਰਦਿਆਂ ਸਭ ਦੀਆਂ ਸੁੱਖਾਂ ਮੰਗਦਾ ਸੀ ਉਹ ਆਪ ਇਕ ਅਸਹਿ ਦੁੱਖ ਦਾ ਸ਼ਿਕਾਰ ਹੋ ਗਿਆ। ਕਿਸੇ ਨੌਜਆਨ ਲੜਕੇ ਦਾ ਇੰਜ ਖੁਦਕੁਸ਼ੀ ਕਰਨਾ ਇਕ 'ਅਨਹੋਣੀ' ਹੈ ਇਸ ਦੀ ਚਿੰਤਾ ਕਰਨੀ ਚਾਹੀਦੀ ਹੈ। ਗੁਰਬਾਣੀ ਦਾ ਫਰਮਾਨ ਹੈ:*
*ਚਿੰਤਾ ਤਾ ਕੀ ਕੀਜੀਐ ਜੋ ਅਨਹੋਣੀ ਹੋਇ।*

*ਕੁਝ ਮਹੀਨੇ ਪਹਿਲਾਂ ਮੇਰੇ ਇਕ ਮਿੱਤਰ ਦੇ ਜੁਆਈ ਨੇ ਆਤਮ ਹਤਿਆ ਕੀਤੀ ਸੀ। ਉਹ ਚੰਗੇ ਰੱਜੇ ਪੁੱਜੇ ਘਰ ਦਾ ਲੜਕਾ ਸੀ। ਪਰ ਨਿਜੀ ਤੌਰ ਤੇ ਉਹ ਕੋਈ ਕਾਰੋਬਾਰ ਕਰਨ ਵਿਚ ਸਫਲ ਨਹੀਂ ਸੀ ਹੋ ਸਕਿਆ ਇਸ ਕਾਰਨ ਉਸ ਨੇ ਆਪਣੀ ਜਾਨ ਗੁਆ ਲਈ। ਉਸ ਦੇ ਭੋਗ ਤੇ ਸ਼ਹਿਰ ਦੇ ਪਤਵੰਤੇ ਸੱਜਣ ਅਤੇ ਕਈ ਧਾਰਮਿਕ ਵਿਦਵਾਨ ਪਹੁੰਚੇ ਹੋਏਸਨ। ਕੋਈ ਲੜਕੇ ਦੇ ਰਿਸ਼ਤੇਦਾਰਾਂ ਦੀਆਂ ਸਿਫਤਾਂ ਕਰ ਰਿਹਾ ਸੀ ਤੇ ਕੋਈ ਗੁਰਬਾਣੀ ਵਿਚੋਂ ਮੌਤ ਸੰਬੰਧੀ ਹਵਾਲੇ ਦੇ ਕੇ ਇਸ ਅਟਲ ਭਾਣੇ ਨੂੰ ਮੰਨਣ ਲਈ ਉਪਦੇਸ਼ ਦੇ ਰਿਹਾ ਸੀ।*

*ਆਪਣੀ ਉਮਰ ਭੋਗ ਕੇ ਮਰਨ ਜਾਂ ਕਿਸੇ ਖਾਸ ਕੰਮ ਲਈ ਸ਼ਹੀਦੀ ਦੇਣੀ ਇਹ ਸੁਭਾਵਿਕ ਮੌਤਾਂ ਜਾਂ ਹੋਣੀ ਗਿਣੀਆਂ ਜਾ ਸਕਦੀਆਂ ਹਨ। ਲੋਕ ਹਾਦਸਿਆਂ ਵਿੱਚ ਹੋਈਆਂ ਮੌਤਾਂ ਨੂੰ ਵੀ ਹੋਣੀ ਗਿਣਦੇ ਹਨ ਪਰ ਇਸ ਦੇ ਪਿੱਛੇ ਵੀ ਕਿਤੇ ਨਾ ਕਿਤੇ ਮਨੁੱਖੀ ਸੁਆਰਥ ਜਾਂ ਅਣਗਹਿਲੀ ਛਿਪੀ ਹੁੰਦੀ ਹੈ ਇਸ ਲਈ ਇਹ ਹੋਣੀ ਨਹੀਂ ਸਗੋਂ ਅਨਹੋਣੀ ਗਿਣੀ ਜਾਣੀ ਚਾਹੀਦੀ ਹੈ। ਪਰ ਖੁਦਕਸ਼ੀ ਨੂੰ ਤਾਂ ਕਿਸੇ ਵੀ ਤਰ੍ਹਾਂ ਹੋਣੀ ਨਹੀਂ ਮੰਨਣਾ ਚਾਹੀਦਾ। ਤੰਦਰੁਸਤ ਨੌਜਆਨ ਜਿਹਨਾਂ ਤੋਂ ਬੜੀਆਂ ਸੰਭਾਵਨਾ ਹੋਣ, ਜਦੋ ਉਹ ਇਹ ਜਾਨ ਗੁਆਉਣ ਤਾਂ ਵਡਿਆ ਨੂੰ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ।*

*ਸਾਡੀ ਸਿੱਖਿਆ ਪ੍ਰਣਾਲੀ ਆਪਣੀ ਨਵੀਂ ਪੀੜ੍ਹੀ ਨੂੰ ਕੇਵਲ ਸਫਲ ਹੋਣਾ ਹੀ ਸਿਖਾ ਰਹੀ ਹੈ। ਅਸਫਲਤਾ ਨੂੰ ਸਹਿਣ ਕਰਨਾ ਨਹੀਂ ਸਿਖਾ ਰਹੀ। ਜਦੋਂ ਕਿ ਸਫਲਤਾ ਪ੍ਰਾਪਤ ਕਰਨ ਲਈ ਅਸਫਲਤਾ ਦੀ ਪੌੜੀ ਦੇ ਡੰਡਿਆਂ ਦੇ ਪੈਰ ਧਰਨਾ ਜ਼ਰੂਰੀ ਹੈ। ਜੇ ਅਸੀਂ ਵਿਦਿਆਰਥੀ ਵਿੱਚ ਇਮਤਿਹਾਨ ਵਿਚ ਅਸਫਲ ਹੋਣ ਤੇ ਇਤਨੀ ਨਿਰਾਸ਼ਾ ਭਰ ਦਿੱਤੀ ਕਿ ਆਪਣਾ ਜੀਵਨ ਗੁਆ ਲਵੇ ਤਾਂ ਗਿਆਰਾਂ ਸਾਲ ਦੇ ਸਕੂਲੀ ਜੀਵਨ ਵਿਚ ਉਸ ਨੇ ਕੀ ਸਿੱਖਿਆ। ਉਸ ਨੇ ਅਪਣੇ ਸਮਾਜਿਕ ਤੇ ਧਾਰਮਿਕ ਆਲੇ ਦੁਆਲੇ, ਜਾਂ ਅਪਣੇ ਵਡਿਆਂ ਤੋਂ ਕੀ ਸਿਖਿਆ ਗ੍ਰਹਿਣ ਕੀਤੀ ਇਸ ਦੀ ਚਿੰਤਾ ਕਰਨੀ ਚਾਹੀਦੀ ਹੈ।*

*ਬਾਡੇ ਸ਼ਹਿਰਾਂ ਵਿਚ ਅਨੇਕਾਂ ਧਾਰਮਿਕ, ਸਭਿਆਚਾਰਕ ਤੇ ਸਿਖਿਆ ਦੀਆਂ ਸੰਸਥਾਵਾ ਹਨ ਉਹਨਾਂ ਵਿਚ ਸਾਡੇ ਸਮਾਜ ਦੇ ਨੌਜਵਾਨਾ ਨੂੰ ਜੀਵਨ ਜਾਚ ਦੀ ਸਿਖਲਾਈ ਵੀ ਦਿੱਤੀ ਜਾਣੀ ਚਾਹੀਦੀ ਹੈ।*

ਜਾਗੀਰ ਸਿੰਘ

ਪ੍ਰੋ ਐਮ. ਐਸ. ਸਚਦੇਵਾ

## ਰਾਗੀ ਭਾਈ ਦਵਿੰਦਰ ਸਿੰਘ ਦਰਦੀ

ਭਾਈ ਦਵਿੰਦਰ ਸਿੰਘ ਦਰਦੀ ਹਰਮਨ ਪਿਆਰੇ ਕੀਰਤਨੀਏ ਹਨ। ਆਪ ਦੀ ਸੁਰ ਸੰਗੀਤ ਨਾਲ ਸਾਂਝ ਬਚਪਨ ਵਿੱਚ ਹੀ ਪੈ ਗਈ ਸੀ। ਗੁਰਬਾਣੀ ਅਤੇ ਕੀਰਤਨ ਦੀ ਦਾਤ ਆਪ ਜੀ ਨੂੰ ਵਿਰਸੇ ਵਿੱਚ ਹੀ ਪ੍ਰਾਪਤ ਹੋਈ। ਆਪ ਗੁਰਬਾਣੀ ਦੇ ਵਿਖਿਆਕਾਰ ਪ੍ਰਸਿੱਧ ਟਕਸਾਲੀ ਗ੍ਰੰਥੀ ਭਾਈ ਕਿਰਪਾਲ ਸਿੰਘ ਜੀ ਦੇ ਸਪੁੱਤਰ ਹਨ। ਸੰਗਤਾਂ ਜਾਣਦੀਆ ਹਨ ਕਿ ਭਾਈ ਸਾਹਿਬ ਜੀ ਨੂੰ ਗੁਰਬਾਣੀ ਸੰਥਿਆ ਅਤੇ ਵਿਆਖਿਆ ਵਿੱਚ ਰੂਹਾਨੀ ਸੋਝੀ ਪ੍ਰਾਪਤ ਹੈ। ਇਸ ਸਦਕਾ ਭਾਈ ਦਰਦੀ ਜੀ ਵੀ ਗੁਰਬਾਣੀ ਦੀ ਚੰਗੀ ਵਿਆਖਿਆ ਕਰ ਲੈਂਦੇ ਹਨ।

ਭਾਈ ਦਵਿੰਦਰ ਸਿੰਘ ਦਰਦੀ ਜੀ ਨੇ ਰਾਗ ਵਿਦਿਆ ਦਾ ਗੁਣ ਵਿਭਿੰਨ ਉਸਤਾਦ ਰਾਗੀਆਂ ਪਾਸੋਂ ਸਿੱਖਿਆ। ਆਪ ਨੇ ਰਾਗੀ ਹਰਬੰਸ ਸਿੰਘ ਜੀ ਹੰਸ, ਸੰਗਰੂਰ ਵਾਲਿਆਂ ਨਾਲ ਲੰਮਾਂ ਸਮਾਂ ਸਾਈਡ ਰਾਗੀ ਵਜੋਂ ਗਾਇਆ ਤੇ ਵਜਾਇਆ। ਆਪ ਨੇ ਪ੍ਰੋ. ਮੰਗਤ ਸਿੰਘ ਮਸਤਾਨਾ ਪਾਸੋਂ ਕਲਾਸੀਕਲ ਦੀ ਬਕਾਇਦਾ ਟਰੇਨਿੰਗ ਪ੍ਰਾਪਤ ਕੀਤੀ। ਇਸ ਉਪਰੰਤ ਆਪ ਨੇ ਗੁਰਦਵਾਰਾ ਗੁਰੂ ਨਾਨਕ ਦੇਵ ਮੰਡੀ ਹਰਜੀ ਰਾਮ, ਮਲੋਟ ਵਿਖੇ ਹੈੱਡ ਰਾਗੀ ਤੇ ਹੈੱਡ ਗਰੰਥੀ ਦੀ ਸੇਵਾ ਸ਼ੁਰੂ ਕੀਤੀ। ਇਹ ਸੇਵਾ ਆਪ ਅੱਜ ਵੀ ਸਫਲਤਾ ਸਹਿਤ ਨਿਭਾ ਰਹੇ ਹਨ।

ਭਾਈ ਦਰਦੀ ਜੀ ਸੰਗਤਾਂ ਵਿੱਚ ਆਪਣੇ ਕੀਰਤਨ ਅਤੇ ਗੁਰਬਾਣੀ ਦੀ ਵਿਆਖਿਆ ਸਦਕਾ ਬਹੁਤ ਹਰਮਨ ਪਿਆਰੇ ਹੋ ਰਹੇ ਹਨ। ਇਸ ਸਮੇਂ ਆਪ ਜੀ ਦੇ ਨਾਲ ਸਾਈਡ ਰਾਗੀ ਭਾਈ ਕਿਸ਼ਨ ਸਿੰਘ ਜੀ ਤੇ ਭਾਈ ਵਕੀਲ ਸਿੰਘ ਜੀ ਤਬਲੇ ਉੱਤੇ ਸੰਗਤ ਕਰਦੇ ਹਨ। ਜਲਦੀ ਹੀ ਆਪ ਜੀ ਦੇ ਗੁਰਬਾਣੀ ਕੀਰਤਨ ਦੀ ਇੱਕ ਕੈਸਟ ਆ ਰਹੀ ਹੈ। ਆਸ ਹੈ ਦਰਦੀ ਜੀ ਗੁਰਬਾਣੀ ਵਿਆਖਿਆ ਅਤੇ ਕੀਰਤਨ ਵਿੱਚ ਚੰਗਾ ਨਾਮਣਾ ਖਟਣਗੇ।

## ਭਾਈ ਚਰਨਜੀਤ ਸਿੰਘ ਰਾਗੀ

ਪੰਜਾਬੀ ਸਭਿਆਚਾਰ ਵਿੱਚ ਸੰਗੀਤ ਨੂੰ ਬਹੁਤ ਮਹਾਨਤਾ ਦਿੱਤੀ ਗਈ। ਪੰਜਾਬੀ ਸਭਿਆਚਾਰ ਲੋਰੀਆਂ ਤੋਂ ਸ਼ੁਰੂ ਹੋ ਕੇ ਕੀਰਨੇ ਅਲਾਹੁਣੀਆਂ ਤੱਕ ਹਰ ਮਾਨਵ ਦੇ ਨਾਲ ਨਾਲ ਤੁਰਦਾ ਹੈ। ਇਹ ਸਭ ਰਾਗਮਈ ਢੰਗ ਨਾਲ ਗਾਇਆ ਜਾਂਦਾ ਹੈ। ਗੁਰੂ ਸਾਹਿਬਾਨ ਨੇ ਗੁਰਬਾਣੀ ਵੀ ਗਾਇਨ ਲਈ ਰਚੀ। ਇਸ ਸਬੰਧੀ ਗੁਰਬਾਣੀ ਗਾਇਨ ਕਰਨ ਵਾਲੇ ਰਾਗੀਆਂ ਦਾ ਵੱਡ ਮੁੱਲਾ ਯੋਗਦਾਨ ਹੈ ਕਿ ਉਹ ਇਸ ਮਹਾਨ ਵਿਰਸੇ ਨੂੰ ਆਪਣੇ ਸਪੁੱਤਰਾਂ ਰਾਹੀਂ ਕਾਇਮ ਰੱਖ ਰਹੇ ਹਨ। ਅਜਿਹੀ ਹੀ ਸਖਸ਼ੀਅਤ ਹਨ ਭਾਈ ਰੂਪ ਸਿੰਘ ਰਸੀਲਾ, ਜਿਨ੍ਹਾਂ ਨੇ ਸਾਰਾ ਜੀਵਨ ਗ੍ਰੰਥੀ ਦੇ ਤੌਰ ਤੇ ਗੁਰੂ ਘਰ ਦੀ ਸੇਵਾ ਕਰਦਿਆਂ ਹੀ ਗੁਜ਼ਾਰਿਆ ਹੈ। ਇਹਨਾਂ ਦੇ ਸਪੁੱਤਰ ਭਾਈ ਚਰਨਜੀਤ ਸਿੰਘ ਚੰਦਨ ਗੁਰਬਾਣੀ ਗਾਇਨ ਕਰਦੇ ਹਨ। ਭਾਈ ਸਾਹਿਬ ਘੁਮਿਆਰਾ ਖੇੜਾ ਜ਼ਿਲ੍ਹਾ ਮੁਕਤਸਰ ਦੇ ਜੰਮਪਲ ਹਨ।

ਭਾਈ ਚਰਨਜੀਤ ਸਿੰਘ ਚੰਦਨ ਜੀ ਨੇ ਆਪਣਾ ਜੀਵਨ ਸੰਗੀਤ ਨੂੰ ਅਰਪਿਤ ਕਰ ਦਿੱਤਾ ਹੈ। ਛੋਟੀ ਉਮਰ ਤੋਂ ਹੀ ਚੰਦਨ ਜੀ ਨੇ ਗੁਰਬਾਣੀ ਗਾਇਨ ਤੇ ਸਾਜ਼ਾਂ ਦੀ ਸਿੱਖਿਆ ਲੈਣੀ ਸ਼ੁਰੂ ਕਰ ਦਿੱਤੀ ਸੀ। ਭਾਈ ਸਾਹਿਬ ਨੇ ਪਹਿਲਾਂ ਪ੍ਰੋ. ਕੁਲਵੰਤ ਸਿੰਘ ਤਬਲਾ ਵਾਦਕ ਪਾਸੋਂ ਤਬਲਾ ਵਜਾਉਣ ਦੀ ਸਿੱਖਿਆ ਲਈ। ਆਪ ਪ੍ਰੋ. ਮੰਗਤ ਸਿੰਘ ਮਸਤਾਨਾ ਜੀ ਪਾਸੋਂ ਵੀ ਸੰਗੀਤ ਦੀ ਸਿੱਖਿਆ ਪ੍ਰਾਪਤ ਕਰਦੇ ਰਹੇ ਹਨ। ਸੰਗੀਤ ਵਿੱਚ ਪ੍ਰਵੀਨਤਾ ਪ੍ਰਾਪਤ ਕਰਨ ਲਈ ਚੰਦਨ ਜੀ ਨੇ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਸੰਗੀਤ ਦਾ ਡਿਪਲੋਮਾ ਪਾਸ ਕੀਤਾ। ਭਾਈ ਚਰਨਜੀਤ ਸਿੰਘ ਚੰਦਨ ਆਲ ਇੰਡੀਆ ਰੇਡੀਓ ਬਠਿੰਡਾ ਤੋਂ ਸ਼ਬਦ ਗਾਇਨ ਕਰ ਚੁੱਕੇ ਹਨ।


## ਗੁਰਮਤਿ ਸੰਗੀਤ ਵਿਸ਼ੇਸ਼ ਅੰਕ

ਗੁਰਮਤਿ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਜਿਸ ਵਿੱਚ ਗੁਰਮਤਿ ਸੰਗੀਤ ਦੀ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿਲੱਖਣਤਾ, ਗੁਰਮਤਿ ਸੰਗੀਤ ਵਿੱਚ ਰਾਗ ਦਾ ਮਹੱਤਵ, ਗੁਰਮਤਿ ਸੰਗੀਤ ਤੇ ਵਿਵਹਾਰ, ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ- ਭਾਈ ਮਰਦਾਨਾ ਜੀ, ਗੁਰਮਤਿ ਸੰਗੀਤ ਦੀ ਵਿੱਲਖਣਤਾ, ਗੁਰਮਤਿ ਸੰਗੀਤ ਦੀ ਕੀਰਤਨ-ਚੌਂਕੀ-ਪਰੰਪਰਾ, ਗੁਰਮਤਿ ਸੰਗੀਤ ਵਿੱਚ ਰਾਗ ਗਉੜੀ ਤੇ ਉਸ ਦੇ ਪ੍ਰਕਾਰ, ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਹਨਾਂ ਦਾ ਮਹੱਤਵ, ਵਿਸ਼ੇਸ਼ ਲੇਖ ਹਨ।

**ਮਿਲਣ ਦਾ ਪਤਾ:- ਅੰਮ੍ਰਿਤ ਕੀਰਤਨ ਟ੍ਰਸਟ, 422, ਸੈਕਟਰ 15-ਏ, ਚੰਡੀਗੜ੍ਹ**

## ਕੀਰਤਨ ਦੀ ਮਹਿਮਾ

**ਸੰਤਾ ਸਿੰਘ ਆਜਿਜ਼**

ਜਦ ਵੀ ਪੈਂਦੀ ਤਪਦੇ ਤਨ 'ਤੇ ਧੁਰ ਕੀ ਬਾਣੀ ਦੀ ਫੁਹਾਰ।
ਤਨ ਤੇ ਮਨ ਹੋ ਜਾਂਦੇ ਸੀਤਲ, ਤਪਸ਼ ਦਾ ਲਹਿੰਦਾ ਬੁਖਾਰ।
ਲਹਿੰਦਾ ਹਉਮੈ ਦਾ ਨਸ਼ਾ ਤੇ ਨਾਮ ਦਾ ਚੜ੍ਹਦਾ ਖੁਮਾਰ।
ਵਿਸਰਦਾ ਮਨਮਤਿ ਦਾ ਮੋਹ ਤੇ ਉਸਰਦਾ ਗੁਰਮਤਿ ਦਾ ਪਿਆਰ।

ਜਦ ਇਲਾਹੀ ਕੀਰਤਨ ਦੀ ਪੈਂਦੀ ਕੰਨਾਂ ਵਿਚ ਆਵਾਜ਼।
ਛਿੜ ਪੈਂਦੇ ਮਖ਼ਮੂਰ ਹੋਕੇ ਖ਼ੁਦ ਬਖ਼ੁੱਦ ਜੀਵਨ ਦੇ ਸਾਜ਼।
ਮਨ ਨੂੰ ਮੋਹ ਲੈਂਦੇ ਅਗੰਮੀ ਨਾਦ ਦੇ ਦਿਲਕਸ਼ ਅੰਦਾਜ਼।
ਆਤਮਾ ਪਰਮਾਤਮਾ ਦੇ ਮਿਲਨ ਦਾ ਅਚਰਜ ਇਹ ਰਾਜ਼।

ਬਾਣੀ ਕਹੇ ਕਲਯੁੱਗ ਦੇ ਵਿਚ ਤਾਂ ਕੀਰਤਨ ਪਰਧਾਨ ਹੈ।
ਮੰਦਰਾਂ ਤੇ ਗਿਰਜਿਆਂ ਵਿਚ ਕੀਰਤਨ ਪਰਵਾਨ ਹੈ।
ਸੂਫ਼ੀਆਂ ਸੰਤਾਂ ਲਈ ਤਾਂ, ਕੀਰਤਨ ਈਮਾਨ ਹੈ।
ਕੀਰਤਨ ਸੰਸਾਰੀਆਂ ਲਈ, ਈਸ਼ਵਰੀ ਵਰਦਾਨ ਹੈ।

ਮੁਕਤੀ ਦਾ ਦਰਘਰ ਗੁਰਾਂ ਦਾ, ਗੁਰ ਦੇ ਦਰ ਆਂਦੇ ਰਹੋ।
ਉਠਦੇ ਬੈਠਦੇ ਤੁਰਦੇ ਖੜਦੇ ਗੁਣ ਉਹਦੇ ਗਾਂਦੇ ਰਹੋ।
ਸੇਵਾ ਸਿਮਰਨ ਸੱਚੀ ਭਗਤੀ, ਕਰਦੇ ਕਰਵਾਂਦੇ ਰਹੋ।
ਮੁਕਤ ਕਰਦਾ ਕੀਰਤਨ ਮੁਕਤੀ ਦਾ ਪਦ ਪਾਂਦੇ ਰਹੇ।

## ਆਤਮਾ ਦਾ ਪਰਮ-ਸੱਚ

(ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਦਿਵਸ ਨੂੰ ਸਮਰਪਿਤ)

**ਡਾ. ਬਲਬੀਰ ਸਿੰਘ ਦਿਲ**

ਕੌਣ ਕਹਿੰਦਾ ਏ ਖ਼ੁਦਾ ਦੇ, ਨਾਮ ਵਿਚ ਕੁਝ ਵੀ ਨਹੀਂ।
ਬਿਨ ਸ਼ਰਾਬੋਂ ਮਸਤ ਹਾਂ, ਪਰ ਜਾਮ ਵਿਚ ਕੁਝ ਵੀ ਨਹੀਂ।
ਛੁਪ ਗਿਆ ਸੂਰਜ ਹੈ ਬੇਸ਼ਕ, ਅਰਸ਼ 'ਤੇ ਲਾਲੀ ਤਾਂ ਹੈ,
ਭਰਮ ਹੈ ਤੇਰੀ ਨਜ਼ਰ ਦਾ, ਸ਼ਾਮ ਵਿਚ ਕੁਝ ਵੀ ਨਹੀਂ।
ਯਾਰ ਦੇ ਕਦਮਾਂ 'ਚ ਵਿਛਿਆ ਰਹਿ, ਸਦਾ ਸਿਜਦੇ ਵਜੋਂ,
ਸਿਰ ਝੁਕੇ, ਝੁਕ ਕੇ ਉਠੇ, ਪਰਨਾਮ ਵਿਚ ਕੁਝ ਵੀ ਨਹੀਂ।
ਧਾਰ ਖੰਡੇ ਦੀ 'ਤੇ ਚੜ੍ਹ ਕੇ, ਇਸ਼ਕ ਨੂੰ ਚੜ੍ਹਦਾ ਸਰੂਰ,
ਐਸ਼ ਵਿੱਚ ਕੁਝ ਵੀ ਨਹੀਂ, ਆਰਾਮ ਵਿਚ ਕੁਝ ਵੀ ਨਹੀਂ।
ਸਹਜ ਤੇ ਆਨੰਦ ਵਿਚ ਹੈ, ਆਤਮਾ ਦਾ ਪਰਮ-ਸੱਚ,
ਲੋਭ, ਲਾਲਚ, ਮੋਹ, ਤ੍ਰਿਸ਼ਨਾ, ਕਾਮ ਵਿਚ ਕੁਝ ਵੀ ਨਹੀਂ।
ਸ਼ਬਦ 'ਚੋਂ ਹੀ ਸਹਜ ਪ੍ਰਗਟੇ, ਸ਼ਬਦ 'ਚੋਂ ਪ੍ਰਗਟੇ ਅਨੰਦ,
ਸ਼ਬਦ ਬਾਝੋਂ ਧਰਮ ਵਿਚ ਤੇ ਧਾਮ ਵਿਚ ਕੁਝ ਵੀ ਨਹੀਂ।
ਨਾ ਤਾਂ ਮਜ਼ਹਬ ਫ਼ੀਮ ਹੈ, ਨਾ ਇਸ 'ਚ ਬੂਟੀ ਨੀਂਦ ਦੀ,
ਹੋਸ਼ ਖ਼ੁਦ ਬੇਹੋਸ਼ ਹੈ, ਇਲਜ਼ਾਮ ਵਿਚ ਕੁਝ ਵੀ ਨਹੀਂ।
ਦਿਲ ਹੈ ਕਾਅਬਾ ਘਰ ਖ਼ੁਦਾ ਦਾ, ਪਾਕ ਦਿਲ ਵਿਚ ਹੱਜ ਕਰ,
ਦਿਲ ਦੇ ਬਾਝੋਂ ਕੁਫ਼ਰ ਤੇ ਇਸਲਾਮ ਵਿਚ ਕੁਝ ਵੀ ਨਹੀਂ।
ਕੱਲ ਮਰੀਜ਼ੇ-ਇਸ਼ਕ ਸਾਂ, ਅੱਜ, ਲੋਕ ਆਖਣ ਡਾਕਟਰ*
ਕੌਣ ਕਹਿੰਦੇ ਇਸ਼ਕ ਦੇ ਅੰਜਾਮ ਵਿਚ ਕੁਝ ਵੀ ਨਹੀਂ।

---

*ਗੁਰੂ ਅਮਰਦਾਸ ਦੀ ਬਾਣੀ ਬਾਰੇ ਮਿਲੀ ਪੀ. ਐਚ. ਡੀ. ਦੀ ਡਿਗਰੀ ਵਲ ਸੰਕੇਤ ਹੈ।

## ਅੰਮ੍ਰਿਤ ਕੀਰਤਨ ਦਾ ਚੰਦਾ ਭੇਜੋ ਜੀ

ਜੇ ਤੁਸੀਂ ਅਜੇ ਤਕ ਅੰਮ੍ਰਿਤ ਕੀਰਤਨ ਦਾ ਚੰਦਾ ਨਹੀਂ ਭੇਜਿਆ ਤਾਂ ਤੁਰੰਤ ਭੇਜਣ ਦੀ ਕਿਰਪਾ ਕਰੋ। ਆਪ ਦੀ ਮਾਇਕ ਸਹਾਇਤਾ ਨਾਲ ਹੀ ਇਹ ਮੈਗਜ਼ੀਨ ਨਿਰੰਤਰ ਅਤੇ ਨਿਰਵਿਘਨ ਜਾਰੀ ਰਖਿਆ ਜਾ ਸਕਦਾ ਹੈ। ***ਜੇ ਤੁਸੀਂ ਮੈਗਜ਼ੀਨ ਬੰਦ ਕਰਨਾ ਚਾਹੁੰਦੇ ਹੋ ਤਾਂ ਵੀ ਸਾਨੂੰ ਸੂਚਿਤ ਕਰਨ ਦੀ ਖੇਚਲ ਕਰੋ ਜੀ।***

**THE SIKH COURIER (INTERNATIONAL)**
A Journal of the Sikh Cultural Society of Great Britain
88 Mollison Way, Edgware, Middlesex (Greater London) U.K.

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

ਸ੍ਰ. ਮਨਮੋਹਨ ਸਿੰਘ

ਧਨਾਸਰੀ ਮਹਲਾ ੫ (੬੭੪)

ਬੰਧਨ ਤੇ ਛੁਟਕਾਵੈ ਪ੍ਰਭੂ ਮਿਲਾਵੈ ਹਰਿ ਹਰਿ ਨਾਮੁ ਸੁਨਾਵੈ॥ ਅਸਥਿਰੁ ਕਰੇ ਨਿਹਚਲੁ ਇਹੁ ਮਨੂਆ ਬਹੁਰਿ ਨ ਕਤਹੂ ਧਾਵੈ॥ ਹੈ ਕੋਊ ਐਸੋ ਹਮਰਾ ਮੀਤੁ॥ ਸਗਲ ਸਮਗ੍ਰੀ ਜੀਉ ਹੀਉ ਦੇਉ ਅਰਪਉ ਅਪਨੋ ਚੀਤੁ॥੧॥ ਰਹਾਉ॥ ਪਰ ਧਨ ਪਰ ਤਨ ਪਰ ਕੀ ਨਿੰਦਾ ਇਨ ਸਿਉ ਪ੍ਰੀਤਿ ਨ ਲਾਗੈ॥ ਸੰਤਹ ਸੰਗੁ ਸੰਤ ਸੰਭਾਖਨੁ ਹਰਿ ਕੀਰਤਨਿ ਮਨੁ ਜਾਗੈ॥੨॥ ਗੁਣ ਨਿਧਾਨ ਦਇਆਲ ਪੁਰਖ ਪ੍ਰਭ ਸਰਬ ਸੂਖ ਦਇਆਲਾ॥ ਮਾਗੈ ਦਾਨੁ ਨਾਮੁ ਤੇਰੋ ਨਾਨਕੁ ਜਿਉ ਮਾਤਾ ਬਾਲ ਗੁਪਾਲਾ॥੩॥੧੪॥

Dhanasri 5th Guru

Is there any one, who delivers me of my bonds, unites me with my Lord, reads out to me the Lord God's Name and renders this mind stable and stationary, that it, again wanders not any where? Is there any such friend of mine? I shall give him all my chattel, life and heart and dedicate unto him my soul as well. Pause. Other's wealth, other's body and other's slander; profess not love for these. Mix thou with saints, converse with the saints and keep thy mind awake in God's praise. The kind and compassionate Master Lord is the Treasure of virtue and all the comforts. O Lord, the World-Cherisher Nanak prays for the bounty of Thy Name. Love Thou him as the mother does her child.

ਧਨਾਰਸੀ ਪੰਜਵੀ ਪਾਤਿਸ਼ਾਹੀ

ਕੀ ਕੋਈ ਐਸਾ ਜਣਾ ਹੈ ਜੋ ਮੈਨੂੰ ਮੇਰੀਆਂ ਫ਼ਾਹੀਆਂ ਤੋਂ ਛੁਡਾ ਦੇਵੇ, ਮੈਨੂੰ ਮੇਰੇ ਸਾਹਿਬ ਨਾਲ ਮਿਲਾ ਦੇਵੇ, ਮੈਨੂੰ ਸੁਆਮੀ ਵਾਹਿਗੁਰੂ ਦਾ ਨਾਮ ਸ੍ਰਵਣ ਕਰਾਵੇ ਅਤੇ ਇਸ ਮਨ ਨੂੰ ਅਚੱਲ ਤੇ ਅਹਿੱਲ ਕਰ ਦੇਵੇ, ਤਾਂ ਜੋ ਇਹ ਮੁੜ ਕੇ ਕਿਧਰੇ ਨਾ ਭਟਕੇ? ਕੀ ਕੋਈ ਐਹੋ ਜੇਹਾ ਮੇਰਾ ਸਜਣ ਹੈ? ਮੈਂ ਉਸ ਨੂੰ ਆਪਣਾ ਸਾਰਾ ਮਾਲਮਤਾ ਜਿੰਦ-ਜਾਨ ਅਤੇ ਦਿਲ ਦੇ ਦੇਵਾਂਗਾ ਅਤੇ ਆਪਣੀ ਜਿੰਦੜੀ ਭੀ ਉਸ ਨੂੰ ਸਮਰਪਨ ਕਰ ਦਿਆਂਗਾ। ਠਹਿਰਾਉ। ਹੋਰਨਾਂ ਦੀ ਦੌਲਤ ਹੋਰਨਾਂ ਦੀ ਦੇਹ ਅਤੇ ਹੋਰਨਾਂ ਦੀ ਬਦਖੋਈ, ਇਨ੍ਹਾਂ ਨਾਲ ਪਿਆਰ ਨਾ ਪਾ। ਤੂੰ ਸਾਧੂਆਂ ਦੀ ਸੰਗਤ ਕਰ, ਸਾਧੂਆਂ ਨਾਲ ਬਚਨ-ਬਿਲਾਸ ਕਰ, ਅਤੇ ਹਰੀ ਦੀ ਉਸਤਤੀ ਅੰਦਰ ਆਪਣੇ ਚਿਤ ਨੂੰ ਸੁਚੇਤ ਰਖ। ਮਇਆਵਾਨ ਤੇ ਮਿਹਰਬਾਨ ਮਾਲਕ ਸੁਆਮੀ ਨੇਕੀ ਅਤੇ ਸਾਰੇ ਆਰਾਮਾਂ ਦਾ ਖ਼ਜਾਨਾ ਹੈ। ਹੇ ਸੰਸਾਰ ਦੇ ਪਾਲਣ-ਪੋਸਣਹਾਰ ਸੁਆਮੀ! ਨਾਨਕ ਤੇਰੇ ਨਾਮ ਦੀ ਦਾਤ ਦੀ ਯਾਚਨਾ ਕਰਦਾ ਹੈ। ਤੂੰ ਉਸ ਨੂੰ ਐਕੁਰ ਪਿਆਰ ਕਰ, ਜਿਸ ਤਰ੍ਹਾਂ ਮਾਂ ਆਪਣੇ ਬੱਚੇ ਨੂੰ ਕਰਦੀ ਹੈ।

ਜੈਤਸਰੀ ਭਗਤ ਰਵਿਦਾਸ ਜੀ (੭੧੦)

ਨਾਥ ਕਛੂਅ ਨ ਜਾਨਉ॥ ਮਨ ਮਾਇਆ ਕੇ ਹਾਥਿ ਬਿਕਾਨਉ॥੧॥ ਰਹਾਉ॥ ਤੁਮ ਕਹੀਅਤ ਹੌ ਜਗਤ ਗੁਰ ਸੁਆਮੀ॥ ਹਮ ਕਹੀਅਤ ਕਲਜੁਗ ਕੇ ਕਾਮੀ॥੧॥ ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥

Jaitsri Bhagat Ravidas Ji (710)

My Lord, I know nothing. My soul I have sold out to the mammon hand. Pause. Thou art called the great Lord of the world and I am styled the sensualist of the Darkage. These five demons have corrupted my mind. Every moment they make my soul part company with the reverend Lord. Whithersoever I look, there

ਜੈਤਸਰੀ ਭਗਤ ਰਵਿਦਾਸ ਜੀ (੭੧੦)

ਮੇਰੇ ਸੁਆਮੀ, ਮੈਂ ਕੁਝ ਭੀ ਨਹੀਂ ਜਾਣਦਾ। ਆਪਣੀ ਆਤਮਾ ਮੈਂ ਮੋਹਨੀ ਦੇ ਹਥ ਵੇਚ ਛਡੀ ਹੈ। ਠਹਿਰਾਉ। ਤੂੰ ਸੰਸਾਰ ਦਾ ਵਿਸ਼ਾਲ ਸਾਹਿਬ ਆਖਿਆ ਜਾਂਦਾ ਹੈਂ ਅਤੇ ਮੈਂ ਕਾਲੇ ਸਮੇਂ ਦਾ ਵਿਸ਼ਈ ਸੱਦਿਆ ਜਾਂਦਾ ਹਾਂ। ਏਨਾਂ ਪੰਜਾਂ ਦੂਤਾਂ ਨੇ ਮੇਰਾ ਚਿਤ ਪਲੀਤ ਕਰ ਦਿਤਾ ਹੈ। ਹਰ ਮੁਹਤ ਉਹ ਮੇਰੀ ਆਤਮਾ ਨੂੰ ਪੂਜਯ ਪ੍ਰਭੂ ਨਾਲੋਂ ਪਾੜਦੇ ਹਨ। ਜਿਥੇ ਕਿਤੇ ਭੀ ਮੈਂ ਵੇਖਦਾ

ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ॥੨॥ ਜਤ ਦੇਖਉ ਤਤ ਦੁਖ ਕੀ ਰਾਸੀ॥ ਅਜੌਂ ਨ ਪਤ੍ਯਾਇ ਨਿਗਮ ਭਏ ਸਾਖੀ॥੩॥ ਗੋਤਮ ਨਾਰਿ ਉਮਾਪਤਿ ਸ੍ਵਾਮੀ॥ ਸੀਸੁ ਧਰਨਿ ਸਹਸ ਭਗ ਗਾਂਮੀ॥੪॥ ਇਨ ਦੂਤਨ ਖਲੁ ਬਧੁ ਕਰਿ ਮਾਰਿਓ॥ ਬਡੋ ਨਿਲਾਜੁ ਅਜਹੂ ਨਹੀ ਹਾਰਿਓ॥੫॥ ਕਹਿ ਰਵਿਦਾਸ ਕਹਾ ਕੈਸੇ ਕੀਜੈ॥ ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ॥੬॥੧॥

is a stock of trouble. Though the Vedas bear testimony, even then my mind believes not in God. O Lord, the body of Indar, the enjoyer of Gautam's wife, came to bear a thousand vaginal marks. Brahma's head got stuck to the hand of Shiva, the husband of Parbati. These demons have bound and destroyed me, a fool. I am very shameless. Even now, I grow not weary of their company. Says Ravidas, what way should I adopt now. Except God's protection, whose else should I have.

ਹਾਂ, ਉਥੇ ਹੀ ਤਕਲੀਫ ਦੀ ਪੂੰਜੀ ਹੈ। ਭਾਵੇ 'ਵੇਦ ਗਵਾਹੀ ਦਿੰਦੇ ਹਨ, ਤਾਂ ਭੀ ਮੇਰਾ ਮਨ ਵਾਹਿਗੁਰੂ ਤੇ ਭਰੋਸਾ ਨਹੀਂ ਧਾਰਦਾ। ਹੇ ਪ੍ਰਭੂ! ਗੋਤਮ ਦੀ ਪਤਨੀ ਨੂੰ ਭੋਗਣ ਵਾਲੇ ਇੰਦਰ ਦੀ ਦੇਹ ਉਤੇ ਬੋਲੀ ਦੇ ਹਜ਼ਾਰ ਚਿੰਨ੍ਹ ਹੋ ਗਏ। ਬਰਮ੍ਹਾਂ ਦਾ ਸਿਰ, ਪਾਰਬਤੀ ਦੇ ਪਤੀ ਸ਼ਿਵਜੀ ਦੇ ਹਥ ਨਾਲ ਚਿਮੜ ਗਿਆ। ਇਨ੍ਹਾਂ ਭੂਤਨਿਆਂ ਨੇ ਮੈਂ ਮੂਰਖ ਨੂੰ ਬੰਨ੍ਹ ਕੇ ਮਾਰ ਸੁਟਿਆ ਹੈ। ਮੈਂ ਵਡਾ ਬੇਸ਼ਰਮ ਹਾਂ। ਅਜੇ ਭੀ ਮੈਂ ਉਨ੍ਹਾਂ ਦੀ ਸੰਗਤ ਕਰਨੋਂ ਹੰਭਦਾ ਨਹੀਂ। ਰਵਿਦਾਸ ਜੀ ਆਖਦੇ ਹਨ, ਮੈਂ ਹੁਣ ਕਿਸ ਤਰ੍ਹਾਂ ਕਰਾਂ? ਵਾਹਿਗੁਰੂ ਦੀ ਪਨਾਂਹ ਦੇ ਬਗੈਰ, ਮੈਂ ਹੋਰ ਕੀਹਦੀ ਪਨਾਹ ਲਵਾਂ।

## ਸੁਰ ਲਿਪੀ ਰਾਗ ਜੈਤਸਰੀ

ਮਾਸਟਰ ਨਿਹਾਲ ਸਿੰਘ

ਥਾਟ : ਪੂਰਬੀ। ਜਾਤੀ : ਔੜਵ-ਸੰਪੂਰਣ। ਵਰਜਿਤ: ਰ, ਧ, ਅਵਰੋਹ ਵਿਚ। ਸਮਾਂ ਦਿਨ ਦਾ ਚੌਥਾ ਪਹਿਰ।
ਵਾਦੀ : ਗ। ਸੰਵਾਦੀ : ਨ। ਆਰੋਹ: ਸ ਗ ਮੇ ਪ ਨ ਸੰ॥ ਅਵਰੋਹ: ਸ ਨ ਧੁ ਪ ਮੇ ਗ ਮੇ ਗ ਰੁ ਸ॥
ਪਕੜ: ਸ ਗ, ਪ ਮੇ ਧੁ ਪ ਮੇ ਗ ਗ ਰੁ ਸ॥

ਅਸਥਾਈ

ਤਾਲ: ਦਾਦਰਾ

| x | | | 0 | | | x | | | 0 | | |
|---|---|---|---|---|---|---|---|---|---|---|---|
| 1 | 2 | 3 | 4 | 5 | 6 | 1 | 2 | 3 | 4 | 5 | 6 |
| ਪ | ਪ | ਪ | ਪ | - | ਪ | ਪ | ਮੇ | ਧੁ | ਪ | - | - |
| ਨਾ | ਥ | ਕ | ਛੁਅ | s | ਨ | ਜਾ | s | s | ਨਉ | s | s |
| ਮੇ | ਮੇ | ਪ | ਮੇ | ਗ | - | ਮੇ | ਗ | ਰੁ | ਸ | ਸ | - |
| ਮ | ਨ | ਮ | ਇਆ | ਕੈ | s | ਹਾ | ਖਿ | ਬਿ | ਕਾ | ਨਉ | s |
| ਅੰਤਰਾ | | | | | | | | | | | |
| ਪ | ਪ | ਪ | ਨ | ਨ | ਨ | ਸੰ | ਸੰ | ਸੰ | ਨ ਰੁੰ | ਸੰ | - |
| ਤੁ ਮ | ਕ | ਹੀ | ਅਤ | ਹੋ | ਜ | ਗ ਤ | ਗੁ | ਰ | ਸੁ ਆ | ਮੀ | s |
| ਨ | ਨ | ਸੰ | ਨ | ਧੁ | ਪ | ਗਮੇ | ਪ | ਨ | ਧੁ | ਪ | - |
| ਹਮ | ਕ | ਹੀ | ਅਤ | ਕ | ਲਿ | ਜ ਗ | ਕੇ | s | ਕਾ | ਮੀ | s |

# ਰਾਗ ਧਨਾਸਰੀ

## ਮਾਸਟਰ ਨਿਹਾਲ ਸਿੰਘ

ਥਾਟ: ਕਾਫੀ ;          ਜਾਤਿ : ਉਡਵ ਸੰਪੂਰਣ। ਵਰਜਿਤ ਰ, ਧ ਆਰੋਹ ਵਿਚ
ਵਾਦੀ : ਸ। ਸੰਮਵਾਦੀ : ੫। ਸਵਰ ਗੁ ਨੁ ਕੋਮਲ ਬਾਕੀ ਸ਼ੁੱਧ।
ਆਰੋਹ: ਸ ਗੁ ਮ ਪ ਨੁ ਸੰ। ਅਵਰੋਹ : ਸੰ ਨੁ ਧ ਪ ਮ ਗੁ ਰ ਸ।
ਪਕੜ: ਗੁ ਮ ਪ ਨੁ ਧ ਪ, ਗੁ ਮ ਗੁ ਰ ਸ।।

### ਧਨਾਸਰੀ ਮਹਲਾ ੫ (੬੭੮)

ਅਸਥਾਈ                                                    ਤਾਲ: ਕਹਿਰਵਾ

| x | | 2 | | 0 | | 3 | | x | | 2 | | 0 | | 3 | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 1 | 2 | 3 | 4 | 5 | 6 | 7 | 8 |
| – | ਪ | ਪ | ਪ | ਮ | ਪ | ਗੁ | ਮ | ਪ | ਪ | ਗੁ | ਮ | ਗੁ | ਰ | ਸ | – |
| s | ਹੈ | ਕੋ | ਊ | ਐ | s | ਸੋ | s | ਹ | ਮ | ਰਾ | s | ਮੀ | s | ਤੁ | s |
| – | ਮ | ਮ | ਗੁ | ਮ | ਪ | ਪ | – | ਨੁ | ਨੁ | ਨੁ | ਨੁ | ਧ | – | ਪ | – |
| s | ਸਗ | ਲ | ਸ | ਮ | ਗ | ਗੀ | s | ਜੀ | ਉ | ਹੀ | ਉ | ਦੇ | s | ਉ | s |
| – | ਸੰ | ਨੁ | ਸੰ | ਨੁ | ਧ | ਪ | – | ਮਪ | ਨੁ | ਧ | ਪ | ਗੁ | – | ਰ | ਸ |
| s | ਅਰ | ਪਉ | s | ਅ | ਪ | ਨੋ | s | ਚੀs | s | s | s | ਤੁ | s | s | s |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਪ | ਪ | ਨੁ | ਨੁ | ਸੰ | – | ਸੰ | – | ਪ | ਪ | ਨੁ | ਨੁ | ਸੰ | – | ਸੰ | – |
| ਥੰ | ਧਨ | ਤੇ | ਛੁਟ | ਕਾ | s | ਵੈ | s | ਪ੍ਰ | ਭੂ | s | ਮਿ | ਲਾ | s | ਵੈ | s |
| ਪ | ਨੁ | ਸੰ | ਗੁੰ | ਰੰ | – | ਸੰ | ਸੰ | ਨੁ | ਨੁ | ਸੰ | ਨੁ | ਧ | – | ਪ | – |
| ਹ | ਰਿ | ਹ | ਰਿ | ਨਾ | s | ਮੁ | ਸੁ | ਨਾ | s | s | s | ਵੈ | s | s | s |
| ਪ | ਪ | ਨੁ | ਨੁ | ਸੰ | – | ਸੰ | – | ਪ | ਪ | ਨੁ | ਨੁ | ਸੰ | – | ਸੰ | – |
| ਅ | ਸ | ਥਿ | ਰ | ਕ | ਰੇ | s | ਨਿਹ | ਚ | ਲ | ਇ | ਹੁ | ਮ | ਨੁ | ਆ | s |
| ਪ | ਨੁ | ਸੰ | ਗੁੰ | ਰੰ | – | ਸੰ | ਸੰ | ਨੁ | ਨੁ | ਸੰ | ਨੁ | ਧ | – | ਪ | – |
| ਬ | ਹੁ | ਰਿ | ਨ | ਕ | ਤ | ਹੂ | s | ਧਾ | s | s | s | ਵੈ | s | s | s |
| – | ਸੰ | ਨੁ | ਸੰ | ਨੁ | ਧ | ਪ | – | ਮਪ | ਨੁ | ਧ | ਪ | ਗੁ | – | ਰ | ਸ |
| s | ਬਹੁ | ਰਿ | ਨ | ਕ | ਤ | ਹੂ | s | ਧਾ | s | s | s | ਵੈ | s | s | s |

# ਗੁਰਮੁਖ ਢੂਢ ਢੂਢੇਦਿਆਂ

## (Free Matrimonial Service)

❑ : SUITABLE SIKH MATCH FOR ARORA GIRL OF AMRITSAR AGE 24, HT. 5' 3" M.A., B.ED., PURSUING FOR M.ED. SCHOLARSHIP HOLDER, ACTIVE IN CO-CURRICULAR ACTIVITIES, INTELLIGENT, SOFT SPOKEN, BEAUTIFUL & POSSESSES LOVING & ADJUSTABLE NATURE. AMRITSAR BOY PREFERRED ***CONTACT BOX 014***

❑ : SUITABLE AMRITSARIA BOY FOR CONVENT EDUCATED GIRL (30), HT. 5'2" M.SC. (MED. BIO. CHEM), HAVING CERTIFICATE FRENCH LANGUAGE, COLLEGE LECTURER DENTAL COLLEGE, INTELLIGENT, SLIM, BEAUTIFUL, WELL MANNERD, AFFECTIONATE ADJUSTABLE. ***CONTACT BOX 015***

❑: SUITABLE NON-TRIMMER, NON-DRINKER SIKH MATCH FOR CHAWLA GRADUATE GIRL (20) 5' 6", SERVING GENERAL INSURANCE FATHER BANK OFFICER, ***CONTACT BOX 0016***

❑: SUITABLE NON-TRIMMER, NON DRINKER SIKH MATCH FOR GRADUATE GIRL 5'3" (22) DIPLOMA COMPUTER, FATHER MOHALI INDUSTRIALIST, WELL SETTLED, FOUR ELDER SISTERS ALL HAPPILY MARRIED, ***CONTACT BOX 0017***

❑: SUITABLE NON-TRIMMER, NON-DRINKER, HANDSOME WELL SETTLED GRADUATE MATCH, FROM ARORA/KHATRI GURSIKH FAMILY FOR ARORA SIKH GIRL SLIM, (23) 5'2" THREE YEARS DIPLOMA IN ARCHITECTURAL, GYANI (TOPPER) B.A. (HIGH FIRST DIV) WITH MERIT, KIRTAN KNOWING, DOING COMPUTER COURSE, ELDERS HAILING FROM LYALLPUR (WEST PAKISTAN).
JALANDHAR, LUDHIANA, AMRITSAR, KAPURTHALA CITIES PREFERRED. ***CONTACT BOX 0018***

❑: SUITABLE COMPUTER PROFESSIONAL GIRL FOR BACHELOR GURSIKH, SLIM, 33,1/2 YRS., 6'-1,1/2", NONTRIMMER, NONDRINKER, MASTERS IN COMPUTERS, AUSTRALIA SETTLED, SR. POSITION MNC (SYDNEY). ***BOX-0019***

❑ : SUITABLE HOMELY ARORA SIKH MATCH FOR GRADUATE BUSINESSMAN (29) 5'9" CONTACT ***BOX 0020***

❑: SUITABLE SWEET NATURED WELL SETTLED BUSINESSMAN/ EXECUTIVE IN WELL ESTABLISHED CONCERN GURSIKH MATCH FOR FAIR, SLIM, BEAUTIFUL, INTELLIGENT & SWEET NATURED ARORA GIRL 5'5' (27) CONVENT EDUCATED, P.U. GRADUATED, DIPLOMA TEXTILE DESIGNING, INTERIOR DECORATION & BEAUTY CULTURE, CONTACT ***BOX 0021***

❑: SUITABLE NON-DRINKER NON-TRIMMER MATCH FOR SLIM, BEAUTIFUL, FAIR COMPLEXION KAMBOJ GRADUATE GIRL 5'4" (22) FATHER CIVILIAN DEFENCE OFFICER, ELDER BROTHER DOCTOR PARCTISING MOHALI, CONTACT ***BOX NO. 0022***

❑: SUTIABLE NON-DRINKER, NON-TRIMMER GURSIKH MATCH AROUND CHANDIGARH FOR BATRA, AMRIT DHARI GIRL 25 (5') M.A. MUSIC (V) P.U. 1996 SERVING PB. GOVT., CHANDIGARH CAN RECITE KIRTAN FATHER: SENIOR ACCT. IN PRIVATE CONCERN. MOTHER HOMELY RELEGIOUS LADY CONTACT ***BOX NO. 023***

❑: SUITABLE MATCH FOR GRADUATE ARORA BAJAJ BOY (30) 5'5" SERVING PRIVATE REFIND OIL COMPANY KARNAL, CONTACT ***BOX NO. 0024***

❑: SUITABLE NON-DRINKER, NON-TRIMMER, BUSINESS MAN WELL SETTLED KHATRI MATCH FOR UNDER GRADUATE CHADHA GIRL (23½) 5½" FATHER BANK OFFICER POSTED KANPUR, GRAND PARENTS FROM PATIALA BOY AROUND PATIALA PREFERRED CONTACT ***BOX NO. 0025***

❑:SUITABLE MATCH FOR BEDI SIKH GIRL 26 YEARS 5'4", SLIM, M.A.L.L.B. RUNNING INTERNSHIP. SERVING IN COLLEGE IN CHDANDIGARH ***BOX NO. 0025***

❑: SUITABLE MATCH FOR ARORA SIKH GIRL 45 5'2" M.A. M.ED. LECTURER IN MUSIC IN GOVT. SCHOOL CONTACT ***BOX NO. 0026***

❑: SUITABLE MATCH FOR B.A, B.ED GIRL (31) 5' 2" RUNNING BEAUTY PARLOUR CONTACT ***BOX NO. 0027***

**Contact: H.B.S. Chopra 1246, Sector 22-B, Chandigarh**

# Youth Carrier Counselling

| S.No. | Institutions/Contact Agencies | Eligibility/ Date |
|---|---|---|
| 1 | The Secretary, Union Public Service Commision, Dholpur House, New-Delhi 110011<br>1. NDA Exams. for Indian Army/Navy/Air-force, Sept; 1998.<br>2. Combined Defence Services Examination, October, 1998 | 10+2 passed or current year appearing for (i) and Graduate for (ii)<br>Application last date 04-05-98 & 18-05-98 respectively For details & forms see rozgar Samachar of 4th & 18th April 1998. |

2. Admission for various courses in Plastic Engineering & Technologyfor one/two years Diploma/Postgraduage courses. Age 18 to 24 years depending nature of course, Last date of application receipt 12.06.98. Contact The Deputy Director, Central/Institute Of Plastic Engineering & Technology (Ministry of Chemicals & Fert. Govt. of India), Chennai. Or any of Regional Extension Centres at Amritsar, Lucknow, Patna, Howrah, Ahmedabad, Bhopal, Bhubaneswar, Hyderabad, Mysore with cash/Demand Draft of Rs.200/-(Rs. 50?- for SC/ST) drawn in favour of Director CIPET.

3. Centre for Electronics Design & Technology of India (CEDTI), A-34, Phase-8, Industrial Area, S.A.S. Nagar-160059. Various 2-weeks to one yr. Courses with prescribed total fee in advance with application. Contact Training Counseller (CEDTI) with fee & detail biodata before 1st; May, & 1st ;June , for Courses starting May & June respectively.

4. For Computer/Electronic & T.V. Repair & Maintenance Courses exclusive for Girls & Women only (24 weeks durations). Contact/Apply before 07-05-98 with complete biodata & application. Director (SLIET), Sant Longowal Institute of Engineering & Technology, Longowal Distt. Sangrur.

5. Young Entrepreneurs passed 10+2 or Graduate desiring to set up their own unit of Industry/Business after proper training should contact 131-132, Sector-17-C, Chandigarh; Courses starting under Entrepreneur Development Programme in May-June. Bank loans assured after training.

6. Adopt small Saving A Regular habit to save for future economic welfare of each in family & a source for " seed-margin" to seek Bank loans for business promotion. It also provides relief from Income Tax.Contact for various schemes at any local Post Office or their agent.

For any guidance & counselling contact:
S. Mohinder Singh, Jt. Director Industries (Retd.)
457, Phase 4, (Sector-59)
S.A.S. Nagar-160059. Phone-672295

## 'ਅੰਮ੍ਰਿਤ ਕੀਰਤਨ' ਲਈ ਮਾਇਕ ਸਹਾਇਤਾ

'ਅੰਮ੍ਰਿਤ ਕੀਰਤਨ' ਤੁਹਾਡੀ ਮਾਇਕ ਸਹਾਇਤਾ ਅਤੇ ਅਗਵਾਈ ਸਦਕਾ ਹੀ ਨਿਰੰਤਰ ਅਤੇ ਨਿਰਵਿਘਨ ਜਾਰੀ ਰੱਖਿਆ ਜਾ ਸਕਦਾ ਹੈ। ਆਪ ਆਪਣੀ ਮਾਇਆ 'ਅੰਮ੍ਰਿਤ ਕੀਰਤਨ ਟਰਸਟ' ਦੇ ਨਾਮ ਭੇਜਣ ਦੀ ਕ੍ਰਿਪਾ ਕਰੋ। ਪਿਛਲੇ ਮਹੀਨੇ ਹੇਠ ਲਿਖੇ ਸਹਿਯੋਗੀਆਂ ਨੇ ਮਾਇਕ ਸਹਾਇਤਾ ਭੇਜੀ ਹੈ। ਉਹਨਾਂ ਦਾ ਬਹੁਤ ਬਹੁਤ ਧੰਨਵਾਦ।

ਸ੍ਰ। ਬਲਵੰਤ ਸਿੰਘ ਨਵੀਂ ਦਿਲੀ 100ਰੁ/ ਸੁੰਦਰ ਬੁਕ ਡਿਪੋ ਜਲੰਧਰ 500ਰੁ/ ਸ੍ਰ. ਮਨਮੋਹਨ ਸਿੰਘ ਆਈ. ਏ. ਐਸ (ਰਿ.), ਚੰਡੀਗੜ੍ਹ 1100ਰੁ/ ਬੀ. ਜਗਦੀਸ਼ ਕੌਰ ਚੰਡੀਗੜ੍ਹ 200ਰੁ/ ਬੀ. ਹਰਵਿੰਦਰ ਕੌਰ ਮੁਹਾਲੀ 100 ਰੁ./ ਸ੍ਰ. ਅਮੀਰਪਾਲ ਸਿੰਘ ਵਿੱਗ, ਲੁਧਿਆਣਾ 100ਰੁ/ ਸਰਦਾਰਨੀ। ਜਸਬੀਰ ਕੌਰ ਸੇਠੀ ਚੰਡੀਗੜ੍ਹ 150ਰੁ/ ਜੀ. ਐਸ. ਸੋਬਤੀ, ਚੰਡੀਗੜ੍ਹ 5000ਰੁ/ ਬੀ. ਪਰਵਿੰਦਰ ਕੌਰ ਪਟਨਾ 200ਰੁ/ ਗੁਰਚਰਨ ਮੈਮੋਰੀਅਲ ਟ੍ਰਸਟ, ਮੁਹਾਲੀ100 ਰੁ./ ਬਬਲੀ ਐਮ. ਸਿੰਘ ਲੁਧਿਆਣਾ 100ਰੁ./ ਪ੍ਰ. ਦਲਜੀਤ ਸਿੰਘ, ਸਾਂਘਣ, ਕੈਥਲ 100ਰੁ./ ਡਾ. ਸੰਤੋਖ ਸਿੰਘ ਜੀ ਭੋਪਾਲ 1020 ਰੁ./ ਸ੍ਰ. ਅਵਤਾਰ ਸਿੰਘ ਅੰਮ੍ਰਿਤਸਰ 100ਰੁ./ ਸ੍ਰ. ਸਾਧੂ ਸਿੰਘ ਮਨੀਤਪਾਲ ਕੋਟ 50 ਰੁ./ ਸ੍ਰ. ਹਰਭਜਨ ਸਿੰਘ ਨਵੀਂ ਦਿਲੀ 100ਰੁ./ ਸਿਮਨ ਸ. ਸ. ਸੰਧੂ ਚੰਡੀਗੜ੍ਹ 50 ਰੁ./ ਪੰਜਾਬੀ ਯੂਨੀਵਰਸਟੀ, ਪਟਿਆਲਾ 100 ਰੁ./ ਜੀ. ਐਮ. ਭਲਾ ਮੋਹਨ 300 ਰੁ./ ਡਾ. ਸ. ਸ. ਭਾਟੀਆ, ਫਰੀਦਾਬਾਦ 100 ਰੁ./ ਜਗਜੀਤ ਸਿੰਘ ਨਾਰੰਗ ਮੋਹਾਲੀ 100ਰੁ./ ਜਤਿੰਦਰਪਲ ਸਿੰਘ, ਨਵੀਂ ਦਿਲੀ 100ਰੁ./ ਸੇਵਕ ਚੈਰੀਟੇਬਲ ਟ੍ਰਸਟ ਚੰਡੀਗੜ੍ਹ 100ਰੁ./ ਗਿਆਨੀ ਸੁਰਿੰਦਰ ਸਿੰਘ, ਚੰਡੀਗੜ੍ਹ 100ਰੁ./ ਬੀਬੀ ਸੁਰਿੰਦਰ ਕੌਰ, ਲੁਧਿਆਣਾ 100ਰੁ./ ਬੀਬੀ ਹਰਿੰਦਰ ਕੌਰ, ਮੁਹਾਲੀ 100ਰੁ./ ਸ੍ਰ. ਬਲਦੇਵ ਸਿੰਘ ਹੰਸ ਪਾਲ, ਗੋਇੰਦਵਾਲ 100ਰੁ./

### ਸਾਡੇ ਨਵੇਂ ਲਾਈਫ ਮੈਂਬਰ

ਡਾ. ਸੰਤੋਖ ਸਿੰਘ, ਭੋਪਾਲ

ਸ੍ਰ. ਮਨਮੋਹਨ ਸਿੰਘ ਆਈ. ਏ. ਐਸ. ਰਿ. ਚੰਡੀਗੜ੍ਹ

### ਧੰਨਵਾਦ

ਅੰਮ੍ਰਿਤ ਕੀਰਤਨ ਟ੍ਰਸਟ ਦੇ ਟ੍ਰਸਟੀ ਸਰਦਾਰ ਜੀ. ਐਸ. ਸੋਬਤੀ ਜੀ ਨੇ ਅੰਮ੍ਰਿਤ ਕੀਰਤਨ ਟ੍ਰਸਟ ਨੂੰ ਪੰਜ ਹਜ਼ਾਰ ਰੁਪਏ ਭੇਟ ਕੀਤੇ ਹਨ। ਟ੍ਰਸਟ ਵਲੋਂ ਇਹਨਾਂ ਦਾ ਬਹੁਤ ਬਹੁਤ ਧੰਨਵਾਦ ਹੈ।

Donations made to Amrit Kirtan Trust are eligible for exemption Under Section 80G of the Income Tax Act, 1961, upto 31.3.99, Vide Order No. CIT/PRO/PTA/80G/ 97-98 dated 3/7-7-1997 issued by the CIT Patiala

## ਬਾਰਹ ਮਾਹ ਤੁਖਾਰੀ ਮਹਲਾ ੧

ਮਾਹੁ ਜੇਠੁ ਭਲਾ ਪ੍ਰੀਤਮ ਕਿਉ ਬਿਸਰੈ॥ ਥਲ ਤਾਪਹਿ ਸਰ ਭਾਰ ਸਾਧਨ ਬਿਨਉ ਕਰੈ॥ ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ॥ ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ॥ ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ॥ ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ॥

### ਗੁਰਪੁਰਬ

| | |
|---|---|
| ਪਾ. ੩ ਅਵਤਾਰ ਧਾਰਿਆ | ੧੦ ਮਈ |
| ਪਾ. ੬ ਗੁਰਿਆਈ ਮਿਲੀ | ੧੯ ਮਈ |
| ਪਾ. ੫ ਜੋਤੀ ਜੋਤਿ ਸਮਾਏ | ੨੯ ਮਈ |

### ਦਿਨ ਦਿਹਾਰ ਤੇ ਛੁੱਟੀਆਂ

| | |
|---|---|
| ਮਜ਼ਦੂਰ ਦਿਵਸ | ੧ ਮਈ |
| ਮੁਹੱਰਮ (ਤਾਜ਼ੀਏ) | ੭ ਮਈ |
| ਜਨਮ ਮਹਾਤਮਾ ਬੁੱਧ | ੧੧ ਮਈ |


**ਹਰਮੋਨੀਅਮ ਪ੍ਰਾਪਤ ਕਰੋ**

ਚੰਗੇ ਹਰਮੋਨੀਅਮ ਪ੍ਰਾਪਤ ਕਰਨ ਲਈ ਸੰਪਰਕ ਕਰੋ।

ਐਚ. ਐਮ. 74, ਫੇਜ਼ 3ਬੀ1
ਮੁਹਾਲੀ
ਫੋਨ-220747


## ਮਈ/ਜੇਠ 1998

| | | | | |
|---|---|---|---|---|
| ਸੰਮਤ ਬਿਕ੍ਰਮੀ | 2055 | ਪੰਚਮੀ | 30 | ਮਈ |
| ਸੰਮਤ ਨਾਨਕਸ਼ਾਹੀ | 529 | ਪੂਰਨਮਾਸ਼ੀ | 11 | ਮਈ |
| ਸੰਮਤ ਖਾਲਸਾ | 300 | ਸੰਗ੍ਰਾਂਦ | 14 | ਮਈ |
| ਸੰਮਤ ਸਾਕਾ | 1920 | ਮੱਸਿਆ | 25 | ਮਈ |

| | | | | | |
|---|---|---|---|---|---|
| ਐਤ SUN | 31<br>18 ਜੇਠ<br>ਜੇਠ ਸੁਦੀ 6 | 3<br>21 ਵੈਸਾਖ<br>ਵੈਸਾਖ ਸੁਦੀ 8 | 10<br>28 ਵੈਸਾਖ<br>ਵੈਸਾਖ ਸੁਦੀ 14 | 17<br>4 ਜੇਠ<br>ਜੇਠ ਵਦੀ 6 | 24<br>11 ਜੇਠ<br>ਜੇਠ ਵਦੀ 13-14 |
| ਸੋਮ MON | ☆ | 4<br>22 ਵੈਸਾਖ<br>ਵੈਸਾਖ ਸੁਦੀ9 | 11<br>29 ਵੈਸਾਖ<br>ਪੂਰਨਮਾਸ਼ੀ | 18<br>5 ਜੇਠ<br>ਜੇਠ ਵਦੀ7 | 25<br>12 ਜੇਠ<br>ਮੱਸਿਆ |
| ਮੰਗਲ TUE | ☆ | 5<br>23 ਵੈਸਾਖ<br>ਵੈਸਾਖ ਸੁਦੀ9 | 11<br>30 ਵੈਸਾਖ<br>ਜੇਠ ਵਦੀ 1 | 18<br>6 ਜੇਠ<br>ਜੇਠ ਵਦੀ 8 | 25<br>13 ਜੇਠ<br>ਜੇਠ ਸੁਦੀ 1 |
| ਬੁਧ WED | ☆ | 6<br>24 ਵੈਸਾਖ<br>ਵੈਸਾਖ ਸੁਦੀ10 | 13<br>31 ਵੈਸਾਖ<br>ਜੇਠ ਵਦੀ 2 | 20<br>7 ਜੇਠ<br>ਜੇਠ ਵਦੀ 9 | 27<br>14 ਜੇਠ<br>ਜੇਠ ਸੁਦੀ 2 |
| ਵੀਰ THU | ☆ | 7<br>25 ਵੈਸਾਖ<br>ਵੈਸਾਖ ਸੁਦੀ11 | 14<br>1 ਜੇਠ<br>ਜੇਠ ਵਦੀ 3 | 21<br>8 ਜੇਠ<br>ਜੇਠ ਵਦੀ 10 | 28<br>15 ਜੇਠ<br>ਜੇਠ ਸੁਦੀ 3 |
| ਸ਼ੁਕਰ FRI | 1<br>19 ਵੈਸਾਖ<br>ਵੈਸਾਖ ਸੁਦੀ6 | 8<br>26 ਵੈਸਾਖ<br>ਵੈਸਾਖ ਸੁਦੀ13 | 15<br>2 ਜੇਠ<br>ਜੇਠ ਵਦੀ 4 | 22<br>9 ਜੇਠ<br>ਜੇਠ ਵਦੀ 11 | 29<br>16 ਜੇਠ<br>ਜੇਠ ਸੁਦੀ 4 |
| ਸ਼ਨੀ SAT | 2<br>20 ਵੈਸਾਖ<br>ਵੈਸਾਖ ਸੁਦੀ7 | 9<br>27 ਵੈਸਾਖ<br>ਵੈਸਾਖ ਸੁਦੀ13 | 16<br>3 ਜੇਠ<br>ਜੇਠ ਵਦੀ 5 | 23<br>10 ਜੇਠ<br>ਜੇਠ ਵਦੀ 12 | 30<br>17 ਜੇਠ<br>ਜੇਠ ਸੁਦੀ 5 |


**ਸਾਡਾ ਵਿਰਸਾ ਸਾਡਾ ਗੌਰਵ**

(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਪਤਾ:- ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ-141002


ਅਰਥ:- ਜੇਠ ਮਹੀਨਾ (ਉਹਨਾਂ ਨੂੰ ਹੀ) ਚੰਗਾ ਲੱਗਦਾ ਹੈ ਜਿੰਨ੍ਹਾਂ ਨੂੰ ਪ੍ਰੀਤਮ ਪ੍ਰਭੂ ਕਦੇ ਨਹੀਂ ਵਿਸਰਦਾ। (ਜੇਠ ਵਿਚ ਲੋਆਂ ਪੈਣ ਨਾਲ) ਭੱਠ ਵਾਂਗ ਥਲ ਤਪਣ ਲੱਗ ਪੈਂਦੇ ਹਨ )। ਇਸੇ ਤਰ੍ਹਾਂ ਕਾਮਾਦਿਕ ਵਿਕਾਰਾਂ ਦੀ ਅੱਗ ਨਾਲ ਸੰਸਾਰੀ ਜੀਵਾਂ ਦੇ ਹਿਰਦੇ ਤਪਦੇ ਹਨ, ਉਹਨਾਂ ਦੀ ਤਪਸ਼ ਅਨੁਭਵ ਕਰ ਕੇ) ਗੁਰਮੁਖਿ ਜੀਵ-ਇਸਤ੍ਰੀ ( ਪ੍ਰਭੂ-ਚਰਨਾਂ ਵਿਚ) ਅਰਦਾਸ ਕਰਦੀ ਹੈ, ਉਸ ਪ੍ਰਭੂ ਦੇ ਗੁਣ (ਹਿਰਦੇ ਵਿਚ) ਸੰਭਾਲਦੀ ਹੈ, ਜੋ ਇਸ ਤਪਸ਼ ਤੋਂ ਨਿਰਾਲਾ ਆਪਣੇ ਸਦਾ-ਥਿਰ ਮਹਲ ਵਿਚ ਟਿਕਿਆ ਰਹਿੰਦਾ ਹੈ, ਉਸ ਅੱਗੇ ਜੀਵ-ਇਸਤ੍ਰੀ ਬੇਨਤੀ ਕਰਦੀ ਹੈ- ਹੇ ਪ੍ਰਭੂ ! ਮੈਂ ਤੇਰੀ ਸਿਫਤਿ-ਸਲਾਹ ਕਰਦੀ ਹਾਂ, ਤਾਂ ਕਿ ਤੈਨੂੰ ਚੰਗੀ ਲੱਗ ਪਵਾਂ ਤੂੰ ਮੈਨੂੰ ਆਗਿਆ ਦੇਵੇਂ ਮੈਂ ਭੀ ਤੇਰੇ ਮਹਲ ਵਿਚ ਆ ਜਾਵਾਂ (ਤੇ ਬਾਹਰਲੀ ਤਪਸ਼ ਤੋਂ ਬਚ ਸਕਾਂ)

ਜਿਤਨਾ ਚਿਰ ਜੀਵ-ਇਸਤ੍ਰੀ ਪ੍ਰਭੂ ਤੋਂ ਵੱਖ ਰਹਿ ਕੇ (ਵਿਕਾਰਾਂ ਦੀ ਤਪਸ਼ ਨਾਲ) ਨਿਢਾਲ ਤੇ ਕਮਜ਼ੋਰ ਹੈ, ਉਤਨਾ ਚਿਰ (ਤਪਸ਼ੋਂ ਬਚੇ ਹੋਏ ਪ੍ਰਭੂ ਦੇ) ਮਹਲ ਦਾ ਆਨੰਦ ਨਹੀਂ ਮਾਣ ਸਕਦੀ।

ਹੇ ਨਾਨਕ ! ਜੇਠ (ਦੀ ਸਾੜਦੀ ਲੋਅ) ਵਿਚ ਪ੍ਰਭੂ ਦੀ ਸਿਫ਼ਤਿ ਸਾਲਾਹ ਨੂੰ ਹਿਰਦੇ ਵਿਚ ਵਸਾ ਲੈਣ ਵਾਲੀ ਜੇਹੜੀ ਜੀਵ-ਇਸਤ੍ਰੀ ਪ੍ਰਭੂ ਨਾਲ ਜਾਣ-ਪਛਾਣ ਪਾ ਲੈਂਦੀ ਹੈ, ਉਹ ਉਸ (ਸ਼ਾਂਤ-ਚਿੱਤ ਪ੍ਰਭੂ) ਵਰਗੀ ਹੋ ਜਾਂਦੀ ਹੈ, ਉਸ ਦੀ ਮਿਹਰ ਨਾਲ ਉਸ ਵਿਚ ਇਕ-ਰੂਪ ਹੋ ਜਾਂਦੀ ਹੈ (ਤੇ ਵਿਕਾਰਾਂ ਦੀ ਤਪਸ਼-ਲੋਅ ਤੋਂ ਬਚੀ ਰਹਿੰਦੀ ਹੈ।

ਭਾਵ:- ਕਾਮਾਦਿਕ ਵਿਕਾਰਾਂ ਦੀ ਅੱਗ ਨਾਲ ਸੰਸਾਰੀ ਜੀਵਾਂ ਦੇ ਹਿਰਦੇ ਤਪਦੇ ਰਹਿੰਦੇ ਹਨ। ਜਿਹੜਾ ਮਨੁੱਖ ਪਰਮਾਤਮਾ ਦੀ ਸਿਫ਼ਤਿ-ਸਾਲਾਹ ਨੂੰ ਹਿਰਦੇ ਵਿਚ ਵਸਾ ਕੇ ਪਰਮਾਤਮਾ ਨਾਲ ਡੂੰਘੀ ਸਾਂਝ ਪਾਈ ਰੱਖਦਾ ਹੈ, ਉਸ ਦਾ ਹਿਰਦਾ ਸਦਾ ਸ਼ਾਂਤ ਰਹਿੰਦਾ ਹੈ, ਉਹ ਮਨੁੱਖ ਵਿਕਾਰਾਂ ਦੀ ਤਪਸ਼-ਲੋਅ ਤੋਂ ਬਚਿਆ ਰਹਿੰਦਾ ਹੈ।

**ਜੇ ਤੁਹਾਨੂੰ ਅੰਮ੍ਰਿਤ ਕੀਰਤਨ ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ, ਨਹੀ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ।**

# ਅੰਮ੍ਰਿਤ ਵਰਖਾ

ਪੇਸ਼ ਕਰਦੇ ਹਨ:

ਡਾ. ਜਾਗੀਰ ਸਿੰਘ ਜੀ ਦੀ ਆਵਾਜ਼ ਵਿਚ

ਗੁਰਬਾਣੀ ਕੀਰਤਨ ਦੀਆਂ ਕੈਸਟਾਂ

- ਸਾਵਣ ਆਇਆ
- ਤੇਰਾ ਕੀਆ ਮੀਠਾ ਲਾਗੈ
- ਦਲ ਭੰਜਨ ਗੁਰ ਸੂਰਮਾ
- ਹਉ ਬਲਿਹਾਰੇ ਜਾਉ
- ਜਿਉ ਰਾਖਹਿ ਤਿਉ ਰਹੀਐ
- ਜਪਿ ਮਨ ਸਤਿਨਾਮ
- ਭਜਉ ਗੋਬਿੰਦ (MVI)
- ਥੰਮੇ ਕੋਇ ਨ ਸਾਧ ਬਿਨ (MVI)
- ਬਿਨ ਦਰਸਨ ਕੈਸੇ ਜੀਵਉ
- ਪਾਠ-ਸ੍ਰੀ ਜਪੁਜੀ ਸਾਹਿਬ, ਰਹਿਰਾਸ਼ ਸਾਹਿਬ ਤੇ ਸੋਹਿਲਾ
- ਮੇਰੇ ਲਾਲ ਜੀਓ
- ਸੋ ਕਿਉ ਵਿਸਰੈ
- ਬਾਬੀਹਾ ਅੰਮ੍ਰਿਤ ਵੇਲੇ ਬੋਲਿਆ
- ਪੂਤਾ ਮਾਤਾ ਕੀ ਆਸੀਸ
- ਤੇਰੇ ਮੁਖੁ ਸੁਹਾਵਾ
- ਦੇਹ ਸਿਵਾ ਬਰ ਮੋਹਿ ਇਹੈ
- ਸਭ ਬਿਧਿ ਤੁਮ ਹੀ ਜਾਨਤੇ (T Series)
- ਭਾਗ ਹੋਆ ( Indian Melodies)
- ਪਾਠ-ਸ੍ਰੀ ਸੁਖਮਨੀ ਸਾਹਿਬ
- ਪਾਠ-ਪੰਜ ਬਾਣੀਆਂ ਤੇ ਬਾਰਹਮਾਹ

ਨੋਟ: ਰਾਗੀ ਜੱਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਹੇਠ ਲਿਖੇ ਸਥਾਨਾਂ ਤੋਂ ਮਿਲ ਸਕਦੀਆਂ ਹਨ। ਚੰਡੀਗੜ੍ਹ ਵਿਚ ਜੋ ਆਪ ਘਰ ਬੈਠਿਆਂ ਕੀਰਤਨ ਟੇਪਾਂ ਚਾਹੁੰਦੇ ਹੋ ਤਾਂ ਫ਼ੋਨ: 772660 ਅਤੇ 45452 ਕਰਨ ਦੀ ਕਿਰਪਾ ਕਰੋ।

| ਅੰਮ੍ਰਿਤ ਕੀਰਤਨ ਟ੍ਰਸਟ | ਅੰਮ੍ਰਿਤ ਵਰਖਾ |
|---|---|
| 422, ਸੈਕਟਰ 15-A | 7/1, ਵੈਸਟ ਪਟੇਲ ਨਗਰ, |
| ਚੰਡੀਗੜ੍ਹ-160015 | ਨਵੀਂ ਦਿੱਲੀ |
| ਫੋਨ-722660 | ਫੋਨ : 5742058 |

Registration No.
Chandigarh Division / 52 / 98
RNI Regd. No. 46788/89
**ISSN-002045**

**BOOK POST**
(Printed Matter)
To

*If undelivered please return to:*

**AMRIT KIRTAN TRUST** (Regd.)
422, Sector 15-A, Chandigarh - 160 015
Phone : 0172 - 772660

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

# ਅੰਮ੍ਰਿਤ ਕੀਰਤਨ

ਅੰਕ 5 ਸਾਲ ਦਸਵਾਂ ਮਈ 1998

ਪਰਚਾ ਨਾ ਮਿਲਣ ਦੀ ਜਾਂ ਕੋਈ ਹੋਰ ਸ਼ਿਕਾਇਤ ਹੋਵੇ ਜਾਂ ਤੁਸੀਂ ਆਪਣਾ ਪਤਾ ਬਦਲ ਲਿਆ ਹੋਵੇ ਤਾਂ ਆਪਣੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਚਿੱਠੀ ਭੇਜ ਦਿਉ। ਚਿੱਟ ਨੰਬਰ ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋ ਸਕੇਗੀ। ਆਪ ਜੀ ਦਾ ਚਿੱਟ ਨੰਬਰ ਇਸ ਲਿਫਾਫੇ ਉਤੇ ਆਪ ਦੇ ਨਾਮ ਤੋਂ ਪਹਿਲਾਂ ਲਿਖਿਆ ਹੋਇਆ ਹੈ।